


**ਆਪਣੇ ਗੀਤ ਕਿੰਜ ਗਾਈਏ**
**ਬੋਲ ਨਾ ਚੜ੍ਹਦੇ ਸਾਜ 'ਤੇ**
**ਆਪਣੀ ਮਿੱਟੀ ਤੋਂ ਮੂੰਹ ਫੇਰ ਕੇ**
**ਚੜ੍ਹ ਜਾ ਦੂਰ ਜਹਾਜ਼ 'ਤੇ।**

(ਸਤਵਿੰਦਰ ਬੇਗੋਵਾਲੀਆ ਰਚਿਤ ਨਾਟਕ ਚੜ੍ਹ ਜਾ ਜਹਾਜ਼ 'ਤੇ ਵਿੱਚੋਂ)

ਪੰਜਾਬ ਕਲਾ ਮੰਚ ਦੀ ਤ੍ਰੈ-ਮਾਸਿਕ ਪੁਸਤਕ ਲੜੀ
roohpunjabi.com


# ਰੂਹ ਪੰਜਾਬੀ

ਸਹਿਯੋਗ 25/-
ਜੁਲਾਈ-ਸਤੰਬਰ-2017
16



ਮੁਟਿਆਰਾਂ ਦਾ ਝੂਮ ਝੂਮ ਆਉਣਾ, ਪੀਂਘਾਂ ਪਾਉਣਾ,
ਅੱਧ ਅਸਮਾਨੇ ਜਿਸਮਾਂ ਦੀ ਕਰਵਟ
ਨਾਲ ਦਿਲ ਦੀ ਹਸਰਤ।
ਕਰਤਬ ਵਿਖਾਉਂਦੀਆਂ, ਹਾਸਿਆਂ ਦੀ ਝੜੀ ਲਾਉਂਦੀਆਂ
ਤਾਂ ਬੋਹੜ ਵੀ ਝੂਟੇ ਲੈਂਦਾ ਸੀ,
ਸਾਵਣ ਦੀ ਗੱਲ ਕਹਿੰਦਾ ਸੀ।

- ਸਤਵਿੰਦਰ ਬੇਗੋਵਾਲੀਆ







ਵਿਸ਼ਵ ਸਾਖਰਤਾ ਮਿਸ਼ਨ ਤਹਿਤ ਨਾਟਕਕਾਰ ਸਤਵਿੰਦਰ ਬੇਗੋਵਾਲੀਆ ਨੇ ਜ਼ਿਲ੍ਹਾ ਕਪੂਰਥਲਾ ਵਿੱਚ 6 ਸਥਾਨਾਂ 'ਤੇ ਆਪਨਾ ਖਰਚਾ ਕਰਕੇ ਆਪਨੀ ਨਾਟਕ ਟੀਮ ਕੋਲੋਂ ਅਗਾਂਹਵਧੂ ਨਾਟਕਾਂ ਦਾ ਮੰਚਨ ਕਰਵਾਇਆ। ਇਨ੍ਹਾਂ ਸੇਵਾਵਾਂ ਕਰਕੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਸਮੁੱਚੀ ਟੀਮ ਦਾ ਸਨਮਾਨ ਕੀਤਾ ਗਿਆ।



ਸਤਵਿੰਦਰ ਬੇਗੋਵਾਲੀਆ ਦੁਆਰਾ ਰਚਿਤ ਨਾਟਕ 'ਜੇਹਾ ਬੀਜੇ ਸੋ ਲੁਣੈ' ਦਾ ਇਕ ਦ੍ਰਿਸ਼

ਤ੍ਰੈ ਮਾਸਿਕ ਪੁਸਤਕ ਲੜੀ

# ਰੂਹ ਪੰਜਾਬੀ

ਅੰਕ : 16
ਜੁਲਾਈ-ਸੰਤਬਰ 2017

**ਸਰਪ੍ਰਸਤ :**

ਡਾ. ਕਰਮਜੀਤ ਸਿੰਘ ਨਡਾਲਾ
ਪ੍ਰੀਤਮ ਸਿੰਘ ਨੌਰੰਗਪੁਰ

**ਮੁੱਖ ਸੰਪਾਦਕ :**

ਡਾ. ਜਸਵੰਤ ਬੇਗੋਵਾਲ

**ਆਨਰੇਰੀ ਸੰਪਾਦਕ :**

ਸਤਵਿੰਦਰ ਬੇਗੋਵਾਲੀਆ
98154-65620

**ਸਹਿ ਸੰਪਾਦਕ**

ਰਤਨ ਟਾਹਲਵੀ

**ਸਲਾਹਕਾਰ ਕਮੇਟੀ :**

ਰਮੇਸ਼ ਚੰਦਰ ਗਾਂਧੀ
ਕਸ਼ਮੀਰ ਸਿੰਘ ਮੁਲਤਾਨੀ

**ਕੋਆਰਡੀਨੇਟਰ**

ਦਲਜੀਤ ਸਿੰਘ ਰਤਨ
ਬਬਲਾ ਬੇਗੋਵਾਲ

## ਇਸ ਅੰਕ ਦੇ ਲੇਖਕ

### ਨਿਬੰਧ

**ਪ੍ਰੋ. ਹਮਦਰਦਵੀਰ ਨੌਸ਼ਹਿਰਵੀ,
ਦਲਜੀਤ ਸਿੰਘ ਰਤਨ, ਸੁਖਮਿੰਦਰ ਸੇਖੋਂ
ਡਾ. ਜਗੀਰ ਸਿੰਘ ਨੂਰ, ਕੁਲਜੀਤ ਕੌਰ**

**ਕਹਾਣੀ/ ਮਿੰਨੀ ਕਹਾਣੀ**

**ਰਘਬੀਰ ਸਿੰਘ ਮਹਿਮੀ, ਭੀਮ ਸਿੰਘ ਗਰਚਾ,
ਸੁਖਚੈਨ ਸਿੰਘ ਭੰਡਾਰੀ, ਨਿਸ਼ਾਨ ਸਿੰਘ ਜੌਹਲ,
ਭੁਪਿੰਦਰ ਸਿੰਘ ਆਸ਼ਟ, ਸਤਵਿੰਦਰ ਬੇਗੋਵਾਲੀਆ**

### ਕਵਿਤਾਂਵਾਂ, ਗੀਤ ਅਤੇ ਗਜ਼ਲਾਂ,

**ਰਤਨ ਟਾਹਲਵੀ, ਜਗਜੀਤ ਸਿੰਘ ਗੁਰਮ
ਦਵਿੰਦਰ ਸਿੰਘ ਟਾਹਲਵੀ,** ਸਮਿੱਤਰ ਸਿੰਘ ਦੋਸਤ,
ਵਰਿੰਦਰ ਸਿੰਘ ਟਾਹਲਵੀ, ਸਤਵਿੰਦਰ ਬੇਗੋਵਾਲੀਆ,
ਪ੍ਰੋ. ਕੁਲਵੰਤ ਔਜਲਾ, ਸੰਦੀਪ ਕੁਮਾਰ ਦਰਦੀ,
ਪਰਸ਼ੋਤਮ ਪੱਤੋ, ਕੁਲਦੀਪ ਕੌਰ ਚੱਠਾ, ਮਹਿੰਦਰ ਮਾਨ,
ਡਾ. ਜਸਵੰਤ ਬੇਗੋਵਾਲ, ਕੁਲਦੀਪ ਕੌਰ ਚੱਠਾ,
ਭਜਨ ਸਿੰਘ ਵਿਰਕ, ਸੰਧੂ ਵਰਿਆਣਵੀ
ਪ੍ਰਤਾਪ 'ਪਾਰਸ' ਗੁਰਦਾਸਪੁਰੀ, ਅਮਰਜੀਤ ਹਰੜ
ਸਰਦਾਰ ਪੰਛੀ, ਕਲਿਆਣ ਅੰਮ੍ਰਿਤਸਰੀ,
ਸੁਖਵਿੰਦਰ ਸਿੰਘ ਲੋਟੇ, ਜੇ.ਪੀ. ਸਿੰਘ ਖਰਲਾਂ ਵਾਲੇ

### ਸਮੀਖਿਆ

**ਤੇਜਵੰਤ ਮਾਨ (ਡਾ.)**

ਰਚਨਾਵਾਂ ਤੇ ਚੰਦੇ ਭੇਜਣ ਲਈ ਪਤਾ
* ਸਤਵਿੰਦਰ ਬੇਗੋਵਾਲੀਆ, ਵਾਰਡ ਨੰ. 2,
ਟਾਂਡਾ ਰੋਡ ਬੇਗੋਵਾਲ (ਕਪੂਰਥਲਾ)-144621

Email : daljit44411@yahoo.co.in

ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਲੇਖਕ ਆਪਣੀ ਰਚਨਾ ਲਈ ਖ਼ੁਦ ਜ਼ਿੰਮੇਵਾਰ ਹੋਵੇਗਾ। ਵਾਲੀਆ ਪ੍ਰਿੰਟਰ ਤੋਂ ਛਪਵਾ ਕੇ ਦਫ਼ਤਰ ਰੂਹ ਪੰਜਾਬੀ ਜਲੰਧਰ ਤੋਂ ਜਾਰੀ ਕੀਤਾ।



*ਸੰਪਾਦਕੀ*

## ਵਿਲੱਖਣ ਸ਼ਖਸੀਅਤ ਸੀ ਰੰਗਕਰਮੀ- ਨਾਟਕਕਾਰ ਪ੍ਰੋ. ਅਜਮੇਰ ਔਲਖ

ਕੈਂਸਰ ਜਿਹੀ ਭਿਆਨਕ ਬਿਮਾਰੀ ਵਿਰੁੱਧ ਜੂਝਦਿਆਂ ਹਰਮਨ ਪਿਆਰੀ ਸ਼ਖਸ਼ੀਅਤ ਅਤੇ ਚੋਟੀ ਦਾ ਪੰਜਾਬੀ ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲਖ ਇਸ ਦੁਨੀਆਂ ਤੋਂ ਭਾਵੇਂ ਵਿਦਾ ਹੋ ਗਿਆ ਹੈ, ਪਰ ਪਿੱਛੇ ਛੱਡ ਗਿਆ ਹੈ ਨਾਟ-ਪੁਸਤਕਾਂ ਦਾ ਅਨਮੋਲ ਖਜ਼ਾਨਾ, ਉਸ ਦੇ ਰਚੇ ਨਾਟਕਾਂ ਨੂੰ ਮੰਚ 'ਤੇ ਸ਼ਾਨਦਾਰ ਭੂਮਿਕਾਵਾਂ ਨਿਭਾਉਂਦੇ ਸੈਂਕੜੇ ਕਲਾਕਾਰ ਵਿਦਵਾਨਾਂ ਤੋਂ ਜਨ ਸਾਧਾਰਣ ਤੱਕ ਅਨੇਕਾਂ ਵਿਅਕਤੀਆਂ ਨਾਲ ਮੋਹ ਭਿੱਜੇ ਸੁਹਿਰਦ ਬੋਲ।

ਪ੍ਰੋ. ਔਲਖ ਨੇ ਪੰਜਾਬੀ ਰੰਗ-ਮੰਚ ਵਿੱਚ ਕਈ ਨਵੀਨ ਪਿਰਤਾਂ ਪਾਈਆਂ। ਉਸ ਦੇ ਜ਼ਿਆਦਾ ਨਾਟਕ ਮਾਲਵੇ ਦੀ ਨਿਮਨ ਕਿਸਾਨੀ ਦੀਆਂ ਸਮੱਸਿਆਵਾਂ ਨਾਲ ਸੰਬੰਧਤ ਹਨ। ਇਸ ਦਾ ਮੁੱਖ ਕਾਰਨ ਇਹ ਸੀ ਕਿ ਉਹ ਮੁਜ਼ਾਰੇ ਪਰਿਵਾਰ ਵਿਚੋਂ ਸੀ। ਉਹ ਲੋਕ ਜੀਵਨ ਦੀਆਂ ਜੜ੍ਹਾਂ ਤੱਕ ਪੂਰਾ ਵਾਕਿਫ਼ ਸੀ, ਇਸੇ ਲਈ ਅਜਿਹੇ ਪਾਤਰ ਉਸ ਦੇ ਨਾਟਕਾਂ ਦੇ ਨਾਇਕ ਬਣ ਗਏ ਜਿਹਨਾਂ ਨੂੰ ਸਾਡਾ ਸਮਾਜ ਪੂਰੀ ਤਰ੍ਹਾਂ ਅਣਗੌਲਦਾ ਰਿਹਾ ਹੈ। ਭਾਵੇਂ ਉਸ ਨੇ ਕਲਮੀ ਸਫ਼ਰ ਕਹਾਣੀਆਂ ਅਤੇ ਕਵਿਤਾਵਾਂ ਦੀ ਰਚਨਾ ਨਾਲ ਸ਼ੁਰੂ ਕੀਤਾ ਪਰ ਰੰਗਮੰਚ ਲਈ ਉਸ ਦਾ ਦਿਲ ਜ਼ਰੂਰ ਧੜਕਦਾ ਸੀ। ਕਹਾਣੀ ਵਿੱਚ ਵਾਰਤਾਲਾਪ ਲਈ ਸੀਮਤ ਜਿਹੀ ਗੁੰਜਾਇਸ਼ ਹੁੰਦੀ ਹੈ ਪਰ ਨਾਟਕ ਅਤੇ ਵਿਸੇਸ਼ ਕਰਕੇ ਰੰਗ ਮੰਚ 'ਤੇ ਚੁਸਤ ਅਤੇ ਢੁਕਵਾਂ ਵਾਰਤਾਲਾਪ ਦਰਸ਼ਕਾਂ ਦੇ ਮਨਾਂ ਤੇ ਅਜਿਹਾ ਪ੍ਰਭਾਵ ਛੱਡਦਾ ਹੈ ਜੋ ਉਹਨਾਂ ਦੀ ਮਿੱਠੀ ਯਾਦ ਦਾ ਹਿੱਸਾ ਬਣ ਜਾਂਦਾ ਹੈ। ਔਲਖ ਦਾ ਪੂਰਾ ਪਰਿਵਾਰ ਧਾਰਮਿਕ ਕੱਟੜਤਾ ਤੋਂ ਬਹੁਤ ਦੂਰ ਸੀ। ਇਸੇ ਪ੍ਰਭਾਵ ਅਧੀਨ ਉਸ ਨੇ 1947 ਦੀ ਦੇਸ਼ ਦੀ ਵੰਡ ਸਮੇਂ ਵਾਪਰੇ ਦੰਗੇ ਫਸਾਦਾਂ ਨੂੰ 'ਅੰਨੇ ਨਿਸ਼ਾਨਚੀ' ਰਾਹੀਂ ਬਾਖ਼ੂਬੀ ਪੇਸ਼ ਕੀਤਾ। ਅਬਸਰਡ ਸ਼ੈਲੀ ਵਿੱਚ 'ਅਰਬਦ ਨਰਬਦ ਧੁੰਦੂਕਾਰਾ' ਅਤੇ 'ਸਿੱਧਾ ਰਾਹ ਵਿੰਗਾ ਬੰਦਾ' ਰਚ ਕੇ ਪੰਜਾਬੀ ਨਾਟਕ ਨੂੰ ਸਮੇਂ ਤੋਂ ਸਥਾਨ ਤੋਂ ਮੁਕਤ ਕਰ ਦਿੱਤਾ। ਲੋਕ ਕਲਾ ਮੰਚ ਮਾਨਸਾ ਦੀ ਉਸ ਦੀ ਆਪਣੀ ਨਾਟਕ ਮੰਡਲੀ ਨੇ ਉਸ ਦੇ ਨਾਟਕਾਂ ਨੂੰ ਪਿੰਡਾਂ ਦੀਆਂ ਸਟੇਜਾਂ ਤੇ ਖੇਡ ਕੇ ਜਿੰਨਾ ਹੁੰਗਾਰਾ ਆਮ ਲੋਕਾਂ ਤੋਂ ਪਰਾਪਤ ਕੀਤਾ, ਇੰਨਾ ਹੀ ਸ਼ਹਿਰੀ ਸਟੇਜਾਂ ਮੂਹਰੇ ਜੁੜੇ ਸ਼ਹਿਰੀ ਦਰਸ਼ਕਾਂ ਤੋਂ ਮਿਲਣਾ ਇਹ ਸਾਬਤ ਕਰਦਾ ਹੈ ਕਿ ਉਸ ਦੇ ਨਾਟਕ ਹਰੇਕ ਵਰਗ ਵਿੱਚ ਮਕਬੂਲ ਹਨ। ਉਸ ਦੀਆਂ ਨਾਟ-ਰਚਨਾਵਾਂ ਦੀ ਵਿਲੱਖਣਤਾ ਕਾਰਨ ਤਕਰੀਬਨ 20 ਵੱਡੇ ਪੁਰਸਕਾਰ ਉਸ ਦੀ ਝੋਲੀ ਵਿੱਚ ਪਏ, ਪਰ ਉਸ ਨੇ ਲੋਕਾਂ ਵੱਲੋਂ

ਮਿਲੇ ਪਿਆਰ ਨੂੰ ਸਭ ਤੋਂ ਵੱਡਾ ਪੁਰਸਕਾਰ ਮੰਨੀ ਰੱਖਿਆ।

ਪ੍ਰੋ. ਔਲਖ ਦੇ ਸੁਭਾਅ ਵਿੱਚ ਅੰਤਾਂ ਦੀ ਨਿਮਰਤਾ ਅਤੇ ਸਹਿਜਤਾ ਸੀ। ਕਿਸੇ ਦਾ ਵੀ ਫ਼ੂਨ ਆਉਣਾ, ਉਸ ਨੇ ਪੂਰੇ ਦਿਲ ਨਾਲ ਸੁਹਿਰਦਤਾ ਸਹਿਤ ਗੱਲ ਕਰਨੀ। ਉਸ ਦੇ ਬੋਲ ਹਮਦਰਦੀ ਅਤੇ ਅਪਣੱਤ ਨਾਲ ਭਿੱਜੇ ਹੁੰਦੇ, ਹਰੇਕ ਦੇ ਮਨ ਨੂੰ ਮੋਹ ਲੈਂਦੇ। ਆਪਣੇ ਬਲਬੂਤੇ ਜਾਂ ਜੁਗਾੜਾਂ ਰਾਹੀਂ ਸਥਾਪਿਤ ਲੇਖਕਾਂ ਨੂੰ ਔਲਖ ਦੇ ਵਿਅਕਤੀਤਵ ਤੋਂ ਸਿੱਖਣ ਦੀ ਅਹਿਮ ਜ਼ਰੂਰਤ ਹੈ ਜੋ ਅੱਧੇ ਮਿੰਟੇ ਵਿੱਚ ਰੋਅਬ ਭਰੀ ਆਵਾਜ਼ ਵਿੱਚ 'ਵਿਦਵਤਾ' ਦਾ ਛੱਟਾ ਮਾਰ ਕੇ ਫ਼ੂਨ ਬੰਦ ਕਰ ਦਿੰਦੇ ਹਨ ਜਾਂ ਕਿਸੇ ਰਚਨਾ ਸਬੰਧੀ ਇਕਤਰਫ਼ਾ ਫਤਵਾ ਦੇ ਕੇ ਆਪਣੇ ਆਪ ਨੂੰ 'ਜੱਜ' ਹੋਣ ਦਾ ਭਰਮ ਪਾਲੀ ਬੈਠੇ ਹਨ।

ਪ੍ਰੋ. ਔਲਖ ਨੂੰ ਕਿਸੇ ਵੀ ਲੇਖਕ ਦੀ ਨਾਟ-ਪੁਸਤਕ ਮਿਲਣੀ ਤਾਂ ਉਸ ਨੇ ਪੁਸਤਕ ਪੜ੍ਹਨ ਉਪਰੰਤ ਆਪਣਾ ਪ੍ਰਤੀਕਰਮ ਬੜੇ ਹੀ ਸਾਰਥਿਕ ਸ਼ਬਦਾਂ 'ਚ ਭੇਜਣਾ, ਬਣਦੀ ਸਿਫ਼ਤ ਵੀ ਕਰਨਾ ਪਰ ਮਿੱਠੀ ਸ਼ਬਦਾਵਲੀ ਵਿੱਚ ਸੁਝਾਅ ਵੀ ਦੇਣਾ। ਮੈਂ ਅਜਿਹਾ ਪ੍ਰਭਾਵ 2001 ਵਿੱਚ ਗ੍ਰਹਿਣ ਕੀਤਾ ਜਦ ਮੈਂ ਆਪਣੀ ਨਾਟ-ਪੁਸਤਕ 'ਜਬੈ ਬਾਣ ਲਾਗਿਯੋ' ਉਹਨਾਂ ਨੂੰ ਭੇਜੀ। ਸੰਨ 2003 ਵਿੱਚ ਮੇਰੀ ਪੁਸਤਕ 'ਡਾਲਰ ਮੇਰਾ ਪੁੱਤਰ' (ਪੂਰਾ ਨਾਟਕ) ਛਪਾਈ ਅਧੀਨ ਸੀ, ਮੈਂ ਫ਼ੂਨ ਤੇ ਔਲਖ ਸਾਹਿਬ ਨੂੰ ਬੇਨਤੀ ਕੀਤੀ ਕਿ ਕੁਝ ਸ਼ਬਦ ਇਸ ਪੁਸਤਕ ਬਾਰੇ ਲਿਖ ਦਿਓ। ਔਲਖ ਸਾਹਿਬ ਨੇ ਕਿਹਾ - "ਅਸੀਂ ਨਾਟਕ ਖੇਡਣ ਲੱਖਣ ਕੇ ਪੱਡਾ (ਕਪੂਰਥਲਾ) ਵਿਖੇ ਆ ਰਹੇ ਹਾਂ, ਆਪਣੀ ਸਕਰਿਪਟ ਮੈਨੂੰ ਦੇ ਦੇਣਾ।" ਸਰਦੀਆਂ ਵਿੱਚ ਰਾਤ ਦੇ ਸੱਤ ਕੁ ਵਜੇ ਮੈਂ ਆਪਣੇ ਇਕ ਮਿੱਤਰ ਸਮੇਤ ਉਹਨਾਂ ਨੂੰ ਮਿਲਿਆ ਤਾਂ ਉਹ ਸਟੇਜ ਦੇ ਪਿੱਠੇ ਬਣੀ ਕੈਬਿਨ ਵਿੱਚ ਬੈਠੇ ਮੂੰਗਫ਼ਲੀ ਛਕ ਰਹੇ ਸਨ ਅਤੇ ਆਪਣੇ ਇਕ ਕਲਾਕਾਰ ਨੂੰ ਕਹਿ ਰਹੇ ਸਨ - "ਬਈ ਇਹਨਾਂ ਪ੍ਰਬੰਧਕਾਂ ਨੂੰ ਕਹਿ ਛੱਡੋ ਕਿ ਆਹ ਜਨਰੇਟਰ ਕਿਤੇ ਦੂਰ ਲੈ ਜਾਣ, ਨਹੀਂ ਤਾਂ ਅਸੀਂ ਨਹੀਂ ਨਾਟਕ ਕਰ ਸਕਦੇ।" ਇੰਨਾ ਗਹਿਰਾ ਸੰਬੰਧ ਸੀ ਔਲਖ ਦਾ ਅਤੇ ਰੰਗ ਮੰਚ ਦਾ। ਮੇਰੇ ਕੋਲੋਂ ਸਕਰਿਪਟ ਲੈ ਕੇ ਅਗਲੇ ਦਿਨ ਹੀ ਦੋ ਕੁ ਸਫ਼ੇ ਮੈਨੂੰ ਫ਼ੂਨ ਤੇ ਹੀ ਲਿਖਵਾ ਦਿੱਤੇ।

ਪ੍ਰੋ. ਔਲਖ ਨੂੰ ਉਹਨਾਂ ਆਲੋਚਕਾਂ ਨਾਲ ਜ਼ਰੂਰ ਗਿਲਾ ਸੀ ਜੋ ਕਹਿੰਦੇ ਸੀ ਕਿ ਪੰਜਾਬੀ ਰੰਗ ਮੰਚ 'ਚ ਖੜੋਤ ਆ ਗਈ ਹੈ। ਔਲਖ ਨੇ ਕਹਿਣਾ - "ਜਿਹੜੇ ਪਿੰਡਾਂ 'ਚ ਨਾਟਕ ਖੇਡੇ ਜਾਂਦੇ ਆ, ਉਥੇ ਤਾਂ ਆਲੋਚਕ ਬਹੁੜਦੇ ਹੀ ਨਹੀਂ। ਇਹ ਲੋਕ ਉਥੇ ਰੰਗ ਮੰਚ ਭਾਲਦੇ ਆ ਜਿੱਥੇ ਰੰਗ ਮੰਚ ਹੈ ਈ ਨਹੀਂ।" ਉਹ ਆਪਣੀ ਗੱਲ ਬਿਨਾਂ ਕਿਸੇ ਗੁੱਸੇ ਦੇ ਬੜੀ ਸਹਿਜਤਾ ਨਾਲ ਕਹਿ ਦਿੰਦੇ। ਨਿਰਸੰਦੇਹ ਪ੍ਰੋ. ਔਲਖ ਦਾ ਵਿਛੋੜਾ ਸਾਹਿਤਕ ਜਗਤ ਲਈ ਬਹੁਤ ਵੱਡਾ ਘਾਟਾ ਹੈ। ਕਿਉਂਕਿ ਉਹ ਜਿੱਥੇ ਵੱਡਾ ਨਾਟਕਕਾਰ ਸੀ, ਨਾਲ ਦੀ ਨਾਲ ਮਹਾਨ ਇਨਸਾਨ ਵੀ ਸੀ।

***– ਸਤਵਿੰਦਰ ਬੇਗਵਾਲੀਆ***

□□□



# ਨਿਬੰਧ

***ਕੁਰਸੀ ਦੀ ਆਤਮਕਥਾ***

## ਮੇਰੀ ਕੁਰਸੀ ਦੀ ਸੇਵਾ ਮੁਕਤੀ

**ਪ੍ਰੋ. ਹਮਦਰਦਵੀਰ ਨੌਸ਼ਹਿਰਵੀ**

ਲੰਮੀ ਸੇਵਾ ਤੋਂ ਬਾਅਦ ਮੈਂ ਰਿਟਾਇਰ ਹੋ ਗਿਆ ਸਾਂ। ਆਖਰ ਨੂੰ ਇਕਦਿਨ ਕਾਲਜ ਦਾ ਲੈਕਚਰ ਸਟੈਂਡ ਛੱਡਣਾ ਹੀ ਪੈਣਾ ਸੀ। ਪਰ ਮੇਰੀ ਕੁਰਸੀ ਰਿਟਾਇਰ ਨਾ ਹੋਈ. ਉਸ ਨੇ ਰਿਟਾਇਰ ਹੋਣ ਤੋਂ ਇਨਕਾਰ ਕਰ ਦਿੱਤਾ। ਉਸ ਉਤੇ ਨਾ ਉਮਰ ਦਾ ਨੇਮ ਲਾਗੂ ਹੁੰਦਾ ਸੀ ਤੇ ਨਾ ਕੋਈ ਸਰਵਿਸ ਰੂਲ।

ਬਰਾਸਤਾ ਬਠਿੰਡਾ ਮੈਂ ਬੀ.ਏ. ਪਾਸ ਕੀਤੀ ਤੇ ਬਰਾਸਤਾ ਮਦਰਾਸ - ਏਅਰ ਫੋਰਸ ਰਾਹੀਂ, ਮੈਂ ਐਮ.ਏ. ਪਾਸ ਕੀਤੀ। ਅੰਬਾਲਾ ਤੋਂ ਭਾਰਤੀ ਹਵਾਈ ਸੈਨਾ ਵਿਚ ਭਰਤੀ ਹੋਇਆ ਅਤੇ ਆਗਰਾ ਤੋਂ ਬਰਾਸਤਾ ਮੇਰਠ- ਮੈਂਟਲ ਹਸਪਤਾਲ ਰਾਹੀਂ, ਮੈਂ ਏਅਰਫੋਰਸ ਵਿੱਚੋਂ ਬਾਹਰ ਆਇਆ। 1965 ਦਸੰਬਰ ਦਾ ਮਹੀਨਾ ਸੀ, ਸਰਦੀਆਂ ਦੇ ਦਿਨ ਸਨ। ਮੈਂ ਨੌਸ਼ਹਿਰਾ ਪੰਨੂੰਆ, ਹੈਡ ਮਾਸਟਰ ਕਰਤਾਰ ਸਿੰਘ ਪੰਨੂੰ ਦੇ ਚੌਬਾਰੇ ਦੇ ਬਾਹਰ ਮੰਜੀ ਡਾਹੀ, ਧੁੱਪੇ ਬੈਠਾ ਸਾਂ। ਸੋਚ ਰਿਹਾ ਸਾਂ, ਭਾਰਤੀ ਹਵਾਈ ਸੈਨਾ ਵਿਚੋਂ ਤਾਂ ਮੈਨੂੰ ਬਿਨਾਂ ਪੈਨਸ਼ਨ ਤੋਂ ਮੈਡੀਕਲੀ ਬੋਰਡ ਆਊਟ ਕਰ ਦਿੱਤਾ ਗਿਆ ਸੀ। ਹੁਣ ਕੀ ਕਰਾਂ? ਗੁਰਦਾਸਪੁਰ ਦੇ ਖਾਲਸਾ ਹਾਇਰ ਸੈਕੰਡਰੀ ਸਕੂਲ ਵਿੱਚ ਸਿਵਿਕਸ ਦੇ ਅਧਿਆਪਕ ਦੀ ਖਾਲੀ ਥਾਂ ਦਾ ਇਸ਼ਤਿਹਾਰ ਅਖ਼ਬਾਰ ਵਿਚ ਪੜ੍ਹਿਆ। ਅੰਤਰਦੇਸ਼ੀ ਪੱਤਰ ਉੱਤੇ ਮੈਂ ਅਰਜ਼ੀ ਲਿਖ ਕੇ ਗੁਰਦਾਸਪੁਰ ਸਕੂਲ ਨੂੰ ਭੇਜ ਦਿੱਤੀ। ਸਿਰਨਾਵਾ ਹੇਠਾਂ ਚੱਕ ਪੈਂਤੀ ਜੀ.ਜ਼ੀ., ਚੂਨਾਵਢ ਸ੍ਰੀ ਗੰਗਾਨਗਰ ਦਾ ਲਿਖ ਦਿੱਤਾ। ਕੁਝ ਦਿਨਾਂ ਬਾਅਦ ਮੈਂ ਚੱਕ ਪੈਂਤੀ ਜੀ.ਜ਼ੀ. ਚਲਾ ਗਿਆ। ਚਿੱਠੀ ਮਿਲੀ ਕਿ ਮੈਂ ਗੁਰਦਾਸਪੁਰ ਖਾਲਸਾ ਸਕੂਲ ਆ ਕੇ ਨੌਕਰੀ ਜੁਆਇਨ ਕਰਾਂ, ਤੁਰੰਤ। ਤਨਖਾਹ ਬਾਰੇ ਮਿਲ ਕੇ ਗੱਲ ਕੀਤੀ ਜਾਵੇਗੀ।

ਮੈਂ ਆਪਣੇ ਪਿੰਡ ਨੌਸ਼ਹਿਰਾ ਪੰਨੂੰਆ ਵਾਪਸ ਆ ਗਿਆ। ਆਪਣੀਆਂ ਯੋਗਤਾਵਾਂ ਦੇ ਸਰਟੀਫਿਕੇਟ ਇਕੱਠੇ ਕੀਤੇ। ਅਗਲੇ ਦਿਨ ਗੁਰਦਾਸਪੁਰ ਸਕੂਲ ਹਾਜ਼ਰ ਹੋ ਗਿਆ। ਤਨਖਾਹ ਦੋ ਸੌ ਰੁਪਏ ਸੀ ਤੇ ਮਹਿੰਗਾਈ ਭੱਤਾ 75 ਰੁਪਏ ਸੀ। ਮੈਂ ਭਾਵੇਂ ਰਾਜਨੀਤੀ ਵਿਗਿਆਨ ਅਤੇ ਪੰਜਾਬੀ ਵਿੱਚ ਐਮ.ਏ. ਪਾਸ ਕੀਤੀ ਸੀ ਪਰ ਬੀ.ਐਡ ਪਾਸ ਨਹੀਂ ਸਾਂ ਤੇ ਨਾ ਹੀ ਮੇਰੇ ਪਾਸ ਪੜ੍ਹਾਉਣ ਦਾ ਕੋਈ ਤਜ਼ਰਬਾ ਸੀ।

ਏਸੇ ਸਕੂਲ ਵਿੱਚ ਗਿਆਨੀ ਅਵਤਾਰ ਸਿੰਘ ਰਾਜ਼ ਪੰਜਾਬੀ ਪੜ੍ਹਾਉਂਦੇ ਸਨ। ਸਕੂਲ ਦੀ ਲਾਇਬ੍ਰੇਰੀ ਵੀ ਸਾਂਭਦੇ ਸਨ। ਜਨਮ ਤੋਂ ਹੀ ਪੜ੍ਹਨ ਦੀ ਆਦਤ ਹੋਣ ਕਰਕੇ ਮੈਂ ਆਪਣੇ ਖਾਲੀ ਸਮੇਂ ਵਿੱਚ, ਗਿਆਨੀ ਅਵਤਾਰ ਸਿੰਘ ਰਾਜ਼ ਪਾਸ ਲਾਇਬ੍ਰੇਰੀ ਵਿੱਚ ਆ ਬੈਠਦਾ ਸਾਂ। ਅਖ਼ਬਾਰਾਂ, ਰਸਾਲੇ ਪੜ੍ਹਦਾ ਸਾਂ। ਗਿਆਨੀ ਅਵਤਾਰ ਸਿੰਘ ਹੋਰਾਂ ਦਾ ਤਿੱਬੜੀ ਰੋਡ ਉੱਤੇ, ਫਰਨੀਚਰ ਹਾਊਸ ਸੀ। ਬੈਡ, ਕੁਰਸੀਆਂ, ਟੇਬਲਾਂ ਆਦਿ ਦਾ ਵੱਡਾ ਧੰਦਾ ਸੀ।

ਮੈਂ ਹਰਦਾਸ ਕੌਰ ਦੇ ਮਕਾਨ ਵਿੱਚ ਕਿਰਾਏ ਉਤੇ ਰਹਿੰਦਾ ਸੀ। ਬਜ਼ੁਰਗ ਔਰਤ ਹਰਦਾਸ ਕੌਰ ਇਕੱਲੀ ਹੀ ਵੱਡੇ ਸਾਰੇ ਮਕਾਨ ਵਿੱਚ ਰਹਿੰਦੀ ਸੀ। ਉਸਨੇ ਮੈਨੂੰ ਇਕ ਵੱਡਾ ਸਾਰਾ ਟੇਬਲ ਵਰਤਣ ਲਈ ਦੇ ਦਿੱਤਾ ਸੀ। ਦੋ ਕੁਰਸੀਆਂ ਵੀ ਸਨ। ਪਰ ਮੈਨੂੰ ਲਿਖਣ ਲਈ ਕਿਸੇ ਢੁਕਵੀਂ ਕੁਰਸੀ ਦੀ ਲੋੜ ਸੀ। ਮੰਜੇ ਉਤੇ ਬੈਠ ਕੇ ਲਿਖਣਾ ਮੁਸ਼ਕਿਲ ਸੀ। ਮੈਂ ਗਿਆਨੀ ਅਵਤਾਰ ਸਿੰਘ ਰਾਜ਼ ਦੇ ਫਰਨੀਚਰ ਹਾਊਸ ਤੋਂ ਲੱਕੜ ਦੀ ਇਕ ਭਾਰੀ ਟੇਬਲ-ਕੁਰਸੀ ਖ਼ਰੀਦੀ। ਕੁਰਸੀ ਮੇਰੀ ਪਸੰਦ ਦੀ ਸੀ। ਚੋੜੀ ਪਿੱਠ ਤੇ ਚੌੜੇ ਬਾਜ਼ੂਆਂ ਵਾਲੀ ਕੁਰਸੀ।

ਇਸ ਕੁਰਸੀ ਉਤੇ ਬੈਠ ਕੇ ਜਿਹੜੀ ਮੈਂ ਪਹਿਲੀ ਕਹਾਣੀ ਲਿਖੀ ਉਹ ਕੁਰਸੀ ਬਾਰੇ ਹੀ ਸੀ। ਤਿੰਨ ਲੱਤਾਂ ਵਾਲੀ ਕੁਰਸੀ। ਦਸਵੀਂ ਕਰਦਿਆਂ ਸਾਰ ਹੀ ਅੰਮ੍ਰਿਤਸਰ ਡਿਸਟ੍ਰਿਕਟ ਬੋਰਡ ਦੇ ਪ੍ਰਾਇਮਰੀ ਸਕੂਲ ਝਾਮਕੇ ਵਿਖੇ ਅੰਨਟ੍ਰੇਂਡ ਅਧਿਆਪਕ ਲੱਗ ਗਿਆ ਸਾਂ। ਇਕ ਕਮਰੇ ਵਾਲਾ ਸਕੂਲ ਸੀ। ਕਮਰਾ ਦਸ ਬਾਈ ਤੀਹ ਫੁੱਟ ਸੀ। ਮੈਂ ਇਕ ਹੀ ਅਧਿਆਪਕ ਸਾਂ। ਪਰ ਕੁਰਸੀ ਇੱਕ ਵੀ ਨਹੀਂ ਸੀ। ਜਿਹੜੀ ਕੁਰਸੀ ਮੈਨੂੰ ਸਰਪੰਚ ਨੇ ਆਪਣੇ ਘਰੋਂ ਦਿੱਤੀ ਸੀ, ਉਸ ਦੀਆਂ ਤਿੰਨ ਹੀ ਲੱਤਾਂ ਸੀ। ਚੌਥੀ ਲੱਤ ਮੈਂ ਇੱਟਾਂ ਰੱਖ ਕੇ ਬਣਾਈ ਸੀ।

ਦੇਰ ਦੀ ਮੇਰੀ ਇੱਛਾ ਕਾਲਜ ਅਧਿਆਪਕ ਬਣਨ ਦੀ ਸੀ। ਸਮਰਾਲਾ ਕਾਲਜ ਵਿਖੇ ਮੇਰਾ ਪਹਿਲਾ ਇੰਟਰਵਿਊ ਸੀ, ਲੈਕਚਰਰ ਇੰਨ ਪੁਲੀਟੀਕਲ ਸਾਇੰਸ। ਪੰਦਰਾਂ ਵਿਅਕਤੀਆਂ ਦੇ ਇੰਟਰਵਿਊ ਬੋਰਡ ਨੇ ਮੈਨੂੰ ਚੁਣ ਲਿਆ ਸੀ। ਉਸ ਵੇਲੇ ਮੈਂ ਛੋਟਾ ਜਿਹਾ ਲੇਖਕ ਬਣ ਚੁੱਕਾ ਸਾਂ। ਤਿੰਨ ਚਾਰ ਮੇਰੀਆਂ ਰਚਨਾਵਾਂ ਅਖ਼ਬਾਰਾਂ ਵਿਚ ਛਪੀਆਂ ਸਨ। ਇਨ੍ਹਾਂ ਵਿਚੋਂ ਕਹਾਣੀ 'ਤਿੰਨ ਲੱਤਾਂ ਵਾਲੀ' ਕੁਰਸੀ ਵੀ ਸੀ। ਇੰਟਰਵਿਊ ਬੋਰਡ ਨੇ ਮੇਰੀ ਫਾਈਲ ਫੋਲੀ ਸੀ। ਰਚਨਾਵਾਂ ਦੇਖੀਆਂ ਸਨ।

ਮੈਂ ਗੁਰਦਾਸਪੁਰ ਤੋਂ ਸਮਰਾਲਾ ਆ ਗਿਆ। ਜਿਹੜੇ ਮੈਂ ਦੋ ਮੰਜੇ ਗੁਰਦਾਸਪੁਰ ਤੋਂ ਖ਼ਰੀਦੇ ਸਨ। ਉਹ ਉਥੇ ਹੀ ਗਿਆਨੀ ਅਵਤਾਰ ਸਿੰਘ ਰਾਜ਼ ਦੀ ਦੁਕਾਨ ਉਤੇ ਛੱਡ ਆਇਆ ਸਾਂ। ਪਰ ਉਥੋਂ ਖ਼ਰੀਦੀ ਕੁਰਸੀ ਮੈਂ ਆਪਣੇ ਨਾਲ ਲੈ ਆਇਆ ਸਾਂ।

ਟਹਿਗੂ ਦਾ ਖੁੱਲ੍ਹਾ ਚੁਬਾਰਾ ਸਾਨੂੰ ਕਿਰਾਏ ਉੱਤੇ ਮਿਲ ਗਿਆ ਸੀ। ਮੈਂ, ਮੇਰੀ ਪਤਨੀ



ਅਤੇ ਦੋ ਬਹੁਤ ਛੋਟੀਆਂ ਬੇਟੀਆਂ ਦਾ ਮੇਰਾ ਪਰਿਵਾਰ ਸੀ। ਚੌਬਾਰੇ ਦੀ ਇਕ ਨੁਕਰੇ ਮੈਂ ਨਵਾਂ ਖ਼ਰੀਦਿਆ ਮੰਜਾ ਤੇ ਨਾਲ ਕੁਰਸੀ ਰੱਖ ਲਏ ਸਨ। ਮੰਜੇ ਉਤੇ ਕਿਤਾਬਾਂ ਦਾ ਢੇਰ ਹੁੰਦਾ, ਕੁਰਸੀ ਉਤੇ ਬੈਠਾ ਮੈਂ ਕਲਾਸ ਨੋਟਿਸ ਤਿਆਰ ਕਰਦਾ। ਗਿਆਰਵੀਂ, ਬਾਰਵੀਂ, ਤੇਰਵੀਂ, ਚੌਦਵੀਂ ਜਮਾਤ ਨੂੰ ਪੜਾਉਣ ਲਈ ਮੈਨੂੰ ਆਪ ਬਹੁਤ ਪੜ੍ਹਨਾ ਪੈਂਦਾ ਸੀ। ਫੇਰ ਮੋਟੀ ਮੋਟੀ ਗੱਲ ਲਿੱਖ ਕੇ, ਦਿਮਾਗ ਵਿੱਚ ਰੱਖ ਕੇ, ਜਮਾਤ ਵਿੱਚ ਜਾਂਦਾ ਸੀ। ਕੁਰਸੀ ਨੇੜੇ ਮੈਂ ਟਰੰਕ ਰੱਖ ਕੇ ਟੇਬਲ ਦਾ ਕੰਮ ਲੈਂਦਾ ਸਾਂ। ਅੱਧੀ ਅੱਧੀ ਰਾਤ ਤੱਕ ਮੈਂ ਰਾਜਨੀਤੀ ਵਿਗਿਆਨ ਦੀਆਂ, ਕਾਲਜ ਦੀ ਲਾਇਬ੍ਰੇਰੀ ਵਿਚੋਂ ਲਿਆਂਦੀਆਂ ਕਿਤਾਬਾਂ, ਪੜ੍ਹਦਾ-ਨੋਟਿਸ ਲਿਖਦਾ। ਜਦੋਂ ਥੱਕ ਜਾਂਦਾ ਕੁਰਸੀ ਦੀ ਢੋਹ ਨਾਲ ਪਿੱਠ ਲਗਾ ਲੈਂਦਾ, ਕੁਰਸੀ ਦੀਆਂ ਚੌੜੀਆਂ ਬਾਹੀਆਂ ਉਤੇ ਅਰਕਾਂ ਰੱਖ ਲੈਂਦਾ-ਅਰਾਮ ਮਿਲਦਾ।

ਕੁਝ ਮਹੀਨੇ ਟਹਿਗੂ ਦੇ ਚੌਬਾਰੇ ਵਿੱਚ ਨਿਵਾਸ ਤੋਂ ਬਾਅਦ, ਮੈਂ ਪਰਿਵਾਰ ਸਮੇਤ ਖੁੱਲ੍ਹੀ ਅਬਾਦੀ ਵਾਲੀ, ਹੈਡ ਮਾਸਟਰ ਬੈਨੀ ਪ੍ਰਸ਼ਾਦ ਦੀ ਕੋਠੀ ਦੇ ਇੱਕ ਹਿੱਸੇ ਦੇ ਦੋ ਕਮਰੇ ਕਿਰਾਏ ਉਤੇ ਲੈ ਲਏ। ਬਾਹਰ ਨੂੰ ਖੁੱਲ੍ਹਦੀ ਖਿੜਕੀ ਨਾਲ ਮੈਂ ਆਪਣਾ ਮੰਜਾ ਅਤੇ ਕੁਰਸੀ ਸਜਾ ਲੈਂਦਾ ਸਾਂ। ਇਥੇ ਵੀ ਟਰੱਕ ਮੇਰਾ ਟੱਬਲ ਸੀ।

ਮੇਰੀ ਪਤਨੀ ਪ੍ਰੀਤਮ ਕੌਰ ਤੇ ਹੈਡ ਮਾਸਟਰ ਬੈਨੀ ਪ੍ਰਸ਼ਾਦ ਦੀ ਪਤਨੀ ਬਿਮਲਾ, ਪੱਕੀਆਂ ਸਹੇਲੀਆਂ ਬਣ ਗਈਆਂ ਸਨ। ਸਕੀਆਂ ਭੈਣਾਂ ਤੋਂ ਵੀ ਵੱਧ। ਬਿਮਲਾ ਨੇ ਮੇਰੀ ਪਤਨੀ ਨੂੰ ਸਲਾਹ ਦਿੱਤੀ ਕਿ ਪਲਾਟ ਖ਼ਰੀਦ ਲਵੋ। ਹੌਲੀ ਹੌਲੀ ਆਪਣਾ ਮਕਾਨ ਉਸਾਰ ਲਵੋ। ਪ੍ਰਾਈਵੇਟ ਕਾਲਜ ਦੀ ਪ੍ਰੋਫੈਸਰੀ ਹੈ। ਰਹਿਣਾ ਤਾਂ ਇੱਥੇ ਹੀ ਹੈ। ਟਰਾਂਸਫਰ ਤਾਂ ਕਿਤੇ ਹੋਣੀ ਨਹੀਂ।

ਨੇੜੇ ਹੀ ਮਨਜੀਤ ਪੋਲਟਰੀ ਫਾਰਮ ਤੋਂ ਅਕਸਰ ਆਂਡੇ ਲੈਣ ਆਉਂਦੀ ਗੁਲਾਬੋ ਨੇ ਪਲਾਟ ਦੀ ਦਸ ਪਾਈ। ਬੈਨੀ ਪ੍ਰਸਾਦ ਦੀਆਂ ਕੋਸ਼ਿਸ਼ ਸਦਕਾ ਮੈਂ ਮਾਛੀਵਾੜਾ ਸੜਕ ਉਤੇ ਪਲਾਟ ਖਰੀਦ ਲਿਆ। ਦੋ ਕਮਰੇ ਉਸਾਰ ਲਏ।

ਦੋਹਾਂ ਕਮਰਿਆਂ ਦੀਆਂ ਖਿੜਕੀਆਂ ਬਾਹਰ ਨੂੰ ਖੁੱਲ੍ਹਦੀਆਂ ਸਨ। ਹੁਣ ਮੈਂ ਇਕ ਟੇਬਲ ਖ਼ਰੀਦ ਲਿਆ ਸੀ। ਖਿੜਕੀ ਦੇ ਸਾਹਮਣੇ ਮੇਰਾ ਟੇਬਲ ਲੱਗਾ ਹੁੰਦਾ ਸੀ ਤੇ ਨਾਲ ਹੀ ਕੁਰਸੀ। ਕੁਰਸੀ ਉਤੇ ਬੈਠ ਕੇ ਮੈਂ ਪੜ੍ਹਦਾ ਸਾਂ, ਲਿਖਦਾ ਸਾਂ, । ਵਿੱਚੋਂ ਵਿੱਚੋਂ ਮੇਰੀ ਨਿਗਾਹ ਟੇਬਲ ਉਤੇ ਪਈਆਂ ਕਿਤਾਬਾਂ ਕਾਪੀਆਂ ਦੇ ਢੇਰ ਉਤੋਂ ਦੀ ਤਿਲਕਦੀ ਹੋਈ, ਖਿੜਕੀ ਦੀਆਂ ਸੀਖਾਂ ਪਾਰ ਕਰਦੀ ਹੋਈ, ਦੂਰ ਤੱਕ ਖੇਤਾਂ ਦੀ ਸੈਰ ਨੂੰ ਚਲੀ ਜਾਂਦੀ ਸੀ। ਸਾਹਮਣੇ ਸੂਆ ਵਗਦਾ ਸੀ। ਸੂਏ ਦੀ ਪਟੜੀ ਦੇ ਨਾਲ ਟਾਹਲੀਆਂ ਸਨ, ਕੱਦ ਕੱਢ ਰਹੇ ਸਫੈਦੇ ਸਨ।

ਹੌਲੀ ਹੌਲੀ ਅਬਾਦੀ ਵਧਦੀ ਗਈ। ਮੇਰੀ ਖਿੜਕੀ ਦੇ ਸਾਹਮਣੇ ਦੇ ਖੇਤ ਵਿਕ ਗਏ।

ਮਕਾਨ ਉਸਰ ਗਏ। ਖਿੜਕੀ ਸਾਹਮਣੇ ਦਾ ਖੁੱਲ੍ਹਾ ਆਸਮਾਨ ਤੇ ਫੈਲੇ ਖੇਤ, ਇੱਕ ਭੀੜੀ ਜਿਹੀ ਗਲੀ ਵਿਚ ਬਦਲ ਗਏ। ਮੇਰੀ ਕੁਰਸੀ ਦਾ ਦਾਈਆਂ ਸਿਮਟ ਕੇ ਕਮਰੇ ਤੱਕ ਹੀ ਰਹਿ ਗਿਆ। ਮੈਂ ਕੁਰਸੀ ਉਤੇ ਬੈਠਾ ਉਦਾਸ ਹੋ ਜਾਂਦਾ। ਕੁਰਸੀ ਮੇਰੀ ਉਦਾਸੀ ਸਮਝਦੀ ਸੀ। ਮੈਨੂੰ ਮਹਿਸੂਸ ਹੋਣ ਲੱਗ ਪਿਆ ਸੀ ਕਿ ਜਿਵੇਂ ਕੁਰਸੀ ਮੇਰੇ ਸਰੀਰ ਦਾ ਹਿੱਸਾ ਹੀ ਹੋਵੇ।

ਮੇਰੀ ਖਿੜਕੀ ਸਾਹਮਣੇ, ਮੋਹਣੀ ਨੇ ਆਪਣਾ ਮਕਾਨ, ਪੂਰਬੀਆਂ ਨੂੰ ਵੇਚ ਦਿੱਤਾ ਸੀ। ਦੋ ਬਈਏ ਸਨ ਤੇ ਉਨ੍ਹਾਂ ਦੇ ਤਿੰਨ ਡੈੱਕ ਸਨ, ਟੇਪ ਰਿਕਾਡਰ ਸਨ। ਬਈਏ ਹੋਣਗੇ ਤਾਂ ਡੈਕ ਦੀ ਅਵਾਜ਼ ਸਿਖਰ ਉਤੇ ਹੋਵੇਗੀ ਹੀ ਨਾ। ਜਦੋਂ ਬਈਏ ਕੰਮ ਤੋਂ ਵਾਪਰ ਆਉਂਦੇ ਤਾਂ ਡੈਕ ਦੀ ਅਵਾਜ਼ ਅਰਾਟ ਕੱਢਦੀ। ਮੈਂ ਖਿੜਕੀਆਂ ਬੰਦ ਰੱਖਦਾ। ਸ਼ੋਰ ਨਾਲ ਮੇਰੀਆਂ ਖਿੜਕੀਆਂ ਖੜਕਦੀਆਂ। ਕੁਰਸੀ ਉਤੇ ਬੈਠੇ ਦਾ ਮੇਰਾ ਦਿਲ ਧੜਕਦਾ। ਕੁਰਸੀ ਉਪਰਾਮ ਹੋ ਜਾਂਦੀ।

ਮੈਂ ਪੜ੍ਹਨ ਲਿਖਣ ਬੈਠਦਾ ਮੇਰਾ ਧਿਆਨ ਖਿੰਡਰ ਜਾਂਦਾ। ਕੁਰਸੀ ਉਤੇ ਬੈਠਿਆ ਮੇਰਾ ਥੱਲਾ ਧੁਖਤਾ, ਪਿੱਠ ਆਕੜ ਜਾਂਦੀ।

ਇਨ੍ਹਾਂ ਸਾਲਾਂ ਵਿਚ ਕਾਲਜ ਪ੍ਰੋਫੈਸਰਾਂ ਦੀ ਤਨਖਾਹ ਸਕੇਲ ਰਿਵਾਈਜ਼ ਹੋ ਗਏ ਸਨ। ਮੈਂ ਦੋ ਕਮਰੇ ਹੋਰ ਬਣਾ ਲਏ ਸਨ। ਚਾਰ ਦੀਵਾਰੀ ਕਰ ਲਈ ਸੀ। ਇਕ ਛੋਟਾ ਜਿਹਾ ਵੱਖਰਾ ਕਮਰਾ ਵੀ ਬਣਾ ਲਿਆ ਸੀ।

ਰੌਲਾ ਹੋਰ ਵੱਧ ਗਿਆ ਸੀ।

ਬੁੱਲਾਂ ਸਾਈਂ ਦੇ ਨਾਲ ਪਿਆਰ, ਮਿਹਰ ਅਨਾਇਤ ਕਰੇ ਹਜ਼ਾਰ,

ਵੇਖੀਆਂ ਬਾਗ ਬਹਾਰਾਂ ਹੋਰ, ਪਿਆਰਿਆਂ ਸਾਨੂੰ ਮਿਠੜਾ ਨਾ ਲਗਦਾ ਸ਼ੋਰ।

ਮੈਨੂੰ ਆਪਣਾ ਪੁਰਾਣਾ ਕਮਰਾ ਛੱਡਣਾ ਪਿਆ। ਗਲੀ ਤੋਂ ਹੱਟਵੇਂ ਛੋਟੇ ਜਿਹੇ ਕਮਰੇ ਵਿੱਚ, ਮੈਂ ਆਪਣੀ ਕੁਰਸੀ ਟੇਬਲ ਰੱਖ ਲਏ। ਇਸ ਕਮਰੇ ਵਿਚ ਕੁਝਰਾਹਤ ਤਾਂ ਸੀ। ਪਰ ਮੇਰੀ ਕੁਰਸੀ ਇਥੇ ਖੁਸ਼ ਨਹੀਂ ਸੀ। ਜਦੋਂ ਮੈਂ ਇਸ ਕਮਰੇ ਵਿਚ ਕੁਰਸੀ ਉਤੇ ਬੈਠਦਾ, ਖਿੜਕੀ ਰਾਹੀਂ ਬਾਹਰ ਵੇਖਦਾ, ਬਾਹਰ ਸੱਖਣਾ ਵਿਹੜਾ ਸੀ ਤੇ ਵਿਹੜੇ ਦੀ ਦੀਵਾਰ। ਆਸਮਾਨ ਨਹੀਂ ਸੀ। ਦੂਰ ਤੱਕ ਮਹਿਕੇ ਹੋਏ ਖੇਤ ਵੀ ਨਹੀਂ ਸਨ। ਖੁਲ੍ਹੀ ਅੰਬਰੀ ਹਵਾ ਨਹੀਂ ਸੀ। ਕੁਰਸੀ ਉਤੇ ਬੈਠਾ ਮੈਂ ਛੇਤੀ ਹੀ ਥੱਕ ਜਾਂਦਾ। ਆਪਣੀ ਗਰਦਨ ਕੁਰਸੀ ਦੀ ਢੋਹ ਉਤੇ ਸੁੱਟ ਦਿੰਦਾ। ਕੁਰਸੀ ਮੈਨੂੰ ਸਹਾਰਾ ਦਿੰਦੀ। ਮੈਂ ਫੇਰ ਕਾਇਮ ਹੋ ਕੇ ਆਪਣੇ ਪੜ੍ਹਨ ਲਿਖਣ ਦੇ ਕਾਰਜ ਵਿੱਚ ਰੁਝ ਜਾਂਦਾ।

ਮੇਰੇ ਦੋ ਸਹਾਰੇ ਸਨ। ਮੇਰੀ ਪਤਨੀ ਅਤੇ ਮੇਰੀ ਕੁਰਸੀ। ਪਤਨੀ ਆਖ਼ਰੀ ਅਲਵਿਦਾ ਕਹਿ ਗਈ ਸੀ। ਕੁਰਸੀ ਜਿਉਂਦੀ ਜਾਗਦੀ ਸੀ।



ਮੇਰੀ ਕੁਰਸੀ ਦੀਆਂ ਦੋਹੇਂ ਬਾਹੀਆਂ ਕਾਫ਼ੀ ਘੱਸ ਗਈਆਂ ਸਨ। ਕੁਰਸੀ ਦੀਆਂ ਬਾਹੀਆਂ ਉਤੇ ਕੱਪੜਾ ਰੱਖਦਾ ਸਾਂ। ਮੇਰੀਆਂ ਅਰਕਾਂ ਨਾਲ ਲੱਗ ਲੱਗ ਕੇ ਕੁਰਸੀ ਦੇ ਬਾਜੂ ਬਹੁਤੇ ਹੀ ਘੱਸ ਨਾ ਜਾਣ, ਚਿੰਤਾ ਵਿੱਚ ਸਾਂ। ਕੁਰਸੀ ਦਾ ਬੈਂਤ ਹੌਲੀ ਹੌਲੀ ਟੁੱਟਣਾ ਸ਼ੁਰੂ ਹੋ ਗਿਆ ਸੀ। ਮੇਰੇ ਸਿਰ ਉਤੇ ਕਦੀ ਲੰਮੇ ਲੰਮੇ ਵਾਲ ਹੁੰਦੇ ਸਨ, – ਭਾਰਾ ਜੂੜਾ ਹੁੰਦਾ ਸੀ – ਹੌਲੀ ਹੌਲੀ ਵਾਲ ਝੜਨੇ ਸੁਰੂ ਹੋ ਗਏ। ਇਕ ਸਮਾਂ ਆਇਆ ਕਿ ਸਿਰ ਦੇ ਵਾਲ ਸਾਰੇ ਹੀ ਝੜ ਗਏ। ਟਿੰਡ ਨਿਕਲ ਆਈ। ਗਿੱਚੀ ਪਿੱਛੇ ਥੋੜੇ ਕੁ ਵਾਲ ਬਾਕੀ ਸਨ। ਕੁਰਸੀ ਦਾ ਕਾਲਾ ਰੌਗਨ ਖੁਰਦਾ ਖੁਰਦਾ ਘਸਮੈਲਾ ਹੋ ਗਿਆ ਸੀ। ਪਰ ਮੈਂ ਕੁਰਸਾ ਦਾ ਰੰਗ ਦੁਬਾਰਾ ਕਾਲਾ ਨਹੀਂ ਸੀ ਕੀਤਾ। ਮੇਰੀ ਦਾੜ੍ਹੀ ਹੌਲੀ ਹੌਲੀ ਚਿੱਟੀ ਹੋ ਗਈ ਪਰ ਮੈਂ ਆਪਣੀ ਦਾੜ੍ਹੀ ਵਸਮਾ ਲਗਾ ਕੇ ਕਾਲੀ ਨਹੀਂ ਸੀ ਕੀਤੀ।

ਮੇਰੀ ਕੁਰਸੀ ਨੂੰ ਤਾਕਤ ਦਾ ਕੋਈ ਨਸ਼ਾ ਨਹੀਂ। ਇਸ ਕੁਰਸੀ ਦਾ ਈਮਾਨ ਆਪਣਾ ਹੈ – ਖ਼ਰਾ ਤੇ ਸੱਚਾ। ਰੰਗ ਆਪਣਾ ਹੈ, ਇੱਕੋ ਰੰਗ, ਸ਼ੁੱਧ ਤੇ ਸਾਫ਼। ਇਸ ਕੁਰਸੀ ਦਾ ਰੰਗ ਨਾ ਨੀਲਾ ਹੋਇਆ, ਨਾ ਕਦੀ ਭਗਵਾ ਤੇ ਨਾ ਹੀ ਕਦੀ ਚਿੱਟਾ। ਮੇਰੀ ਕੁਰਸੀ ਦਾ ਰੰਗ ਧਰਤੀ ਦਾ ਰੰਗ ਹੈ। ਥੋੜਾ ਥੋੜਾ ਘਸਿਆ, ਥੋੜਾ ਥੋੜਾ ਮੱਟ–ਮੈਲਾ। ਮੇਰੀ ਕੁਰਸੀ ਦਾ ਰੰਗ ਸਵੇਰੇ ਨਮੀ ਭਰਿਆ ਹੁੰਦਾ ਹੈ, ਦੁਪਹਿਰੇ ਧੁੱਪ–ਖਿੜਿਆ ਤੇ ਸ਼ਾਮ ਨੂੰ ਕਾਸ਼ਣੀ–ਅੰਬਰੀ।

ਸ਼ਾਮੀ ਮੈਂ ਕੁਰਸੀ ਉਤੇ ਬੈਠਾ ਸਾਂ, ਢੋਹ ਲਾਈ। ਮੇਰੀ ਪਿੱਠ ਵਿੱਚ ਜਿਵੇਂ ਕਿੱਲ ਖੁੱਭ ਗਿਆ। ਖਿਆਲ ਆਇਆ ਕੁਰਸੀ ਪੁਰਾਣੀ ਹੋ ਗਈ ਹੈ। ਸਾਇਦ ਕੋਈ ਕਿੱਲ ਉੱਭਰ ਆਇਆ ਹੋਵੇ। ਸੋਚਿਆਂ ਰਾਤੀਂ ਸੌਣ ਲੱਗਿਆ। ਕੱਪੜੇ ਉਤਾਰ ਕੇ ਪਿੱਠ ਉੱਤੇ ਮੱਲ੍ਹਮ ਲਾਵਾਂਗਾ। ਸੈਰ ਨੂੰ ਤੁਰ ਗਿਆ ਵਾਪਸ ਆ ਕੇ ਖਾਣਾ ਖਾ ਕੇ ਫੇਰ ਕੁਰਸੀ ਉਤੇ ਬੈਠ ਕੇ, ਅੱਜ ਡਾਕ ਰਾਹੀ ਆਏ ਦੋ ਨਵੇਂ ਰਸਾਲੇ ਪੜ੍ਹਨ ਲੱਗ ਪਿਆ। ਪੜ੍ਹਦਾ ਪੜ੍ਹਦਾ ਰਾਤ ਦਸ ਵਜੇ ਸੌਂ ਗਿਆ, ਮੱਲ੍ਹਮ ਲਾਉਣ ਦਾ ਖਿਆਲ ਹੀ ਨਹੀਂ ਸੀ ਰਿਹਾ। ਸਵੇਰੇ ਉਠ ਕੇ ਮੈਂ ਪਿੱਠ ਟੋਹੀ, ਕਿੱਧਰੇ ਕੋਈ ਪੀੜ੍ਹ ਮਹਿਸੂਸ ਨਾ ਹੋਈ। ਢੋਅ ਵਾਲੀ ਗੱਦੀ ਪਾਸੇ ਕਰਕੇ ਕੁਰਸੀ ਦੀ ਪਿੱਠ ਵੇਖੀ, ਕਿਧਰੇ ਕੋਈ ਕਿੱਲ ਉਭਰਿਆ ਨਹੀਂ ਸੀ ਦਿਸਦਾ। ਮੇਰਾ ਇਹ ਵਹਿਮ ਹੀ ਸੀ।

ਉਸ ਸਮੇਂ ਮੈਂ ਸਥਾਨਕ ਕਾਲਜ ਟੀਚਰਜ਼ ਯੂਨੀਅਨ ਦਾ ਪ੍ਰਧਾਨ ਸਾਂ।

ਲੁਧਿਆਣਾ ਦੇ ਚੌੜਾ ਬਾਜ਼ਾਰ ਵਿੱਚ ਲੱਗਭੱਗ ਪੰਜਾਹ ਕਾਲਜ ਅਧਿਆਪਕਾਂ ਨੇ ਆਪਣੀ ਪੈਨਸ਼ਨ ਅਤੇ ਗਰੈਚੂਟੀ ਦੀ ਮੰਗ ਨੂੰ ਲੈ ਕੇ ਦਫ਼ਾ 144 ਤੋੜ ਕੇ ਜਲੂਸ ਕੱਢਿਆ ਸੀ। ਸਾਨੂੰ ਗ੍ਰਿਫ਼ਤਾਰ ਕਰਕੇ ਚੌੜਾ ਬਾਜ਼ਾਰ ਸਥਿਤ ਕੋਤਵਾਲੀ ਵਿਚ ਲੈ ਜਾਇਆ ਗਿਆ। ਸਾਨੂੰ ਕਿਹਾ ਗਿਆ ਮੁਆਫ਼ੀਨਾਮੇ ਉਤੇ ਹਸਤਾਖ਼ਰ ਕਰ ਦਿਓ, ਰਿਹਾ ਕਰ ਦਿੱਤਾ ਜਾਵੇਗਾ। ਮੈਂ ਸਾਥੀ ਅਧਿਆਪਕਾਂ ਨੂੰ ਕਿਹਾ, ਆਪਾਂ ਲਿਖ ਕੇ ਕੁਝ ਨਹੀਂ ਦੇਣਾ। ਬਿਨਾਂ ਸ਼ਰਤ

ਰਿਹਾਈ ਲੈਣੀ ਹੈ। ਬੇਸ਼ੱਕ ਸਾਨੂੰ ਅੰਦਰ ਬੰਦ ਕਰ ਦੇਣ।

ਦੇਰ ਸ਼ਾਮ ਸਾਨੂੰ ਰਿਹਾਅ ਕਰ ਦਿੱਤਾ ਗਿਆ।

ਮੈਂ ਘਰ ਪਹੁੰਚਿਆ ਆਪਣੀ ਕੁਰਸੀ ਉਤੇ ਆਰਾਮ ਨਾਲ ਬੈਠ ਗਿਆ, ਪਰ ਕੁਰਸੀ ਆਪ ਬੇਆਰਾਮ ਸੀ, ਮੈਨੂੰ ਕੀ ਆਰਾਮ ਦਿੰਦੀ।

ਗੈਰ ਸਰਕਾਰੀ ਮਾਨਤਾ ਪ੍ਰਾਪਤ ਕਾਲਜ ਅਧਿਆਪਕ ਲਈ ਪੈਨਸ਼ਨ ਗੇਰਚੂਟੀ ਦਾ ਨੋਟੀਫਿਕੇਸ਼ਨ ਜਾਰੀ ਹੋ ਗਿਆ। ਪਰ ਅਧਿਆਪਕਾਂ ਦੀ ਇਕ ਧਿਰ ਨੇ ਸੰਬੰਧਿਤ ਅਧਿਕਾਰੀਆਂ ਨੂੰ ਮਿਲ ਕੇ ਕਿਹਾ ਕਿ ਗਜ਼ਟਿੰਗ ਰੋਕ ਲਈ ਜਾਵੇ। ਜਦੋਂ ਅਧਿਆਪਕਾਂ ਦਾ ਉਨ੍ਹਾਂ ਦਾ ਗਰੁੱਪ ਚੋਣ ਜਿੱਤੇ, ਉਦੋਂ ਨੋਟੀਫਿਕੇਸ਼ਨ ਉਤੇ ਅਮਲ ਹੋਵੇ। ਤਾਂ ਕਿ ਕਰੈਡਿਟ (ਜੱਸ) ਉਨ੍ਹਾਂ ਨੂੰ ਮਿਲੇ। ਪਰ ਗੈਰ ਸਰਕਾਰੀ ਕਾਲਜ ਅਧਿਆਪਕਾਂ ਨੂੰ ਪੈਨਸ਼ਨ ਕਦੀ ਨਾ ਮਿਲੀ। ਮੇਰੀ ਕੁਰਸੀ ਸੱਚ ਬੋਲਦੀ ਸੀ। ਸਾਧਾਰਨ ਅਧਿਆਪਕਾਂ ਦਾ ਇਮਾਨਦਾਰ ਸੰਘਰਸ਼ ਸੈਬੋਟਾਜ (ਤੋੜ ਫੋੜ) ਹੋ ਗਿਆ।

ਕਰੀਬ ਚਾਲੀ ਸਾਲਾਂ ਦੀ ਨੌਕਰੀ ਤੋਂ ਬਾਅਦ ਮੈਂ ਰਿਟਾਇਰ ਹੋ ਗਿਆ ਸਾਂ। ਮੈਂ ਬੁੱਢਾ ਹੋ ਗਿਆ ਸਾਂ। ਮੇਰੀਆਂ ਚੂਲਾਂ ਹਿੱਲਣ ਲੱਗ ਪਈਆਂ ਸਨ। ਪਰ ਮੇਰੀ ਕੁਰਸੀ ਹਾਲੇ ਕਾਇਮ ਸੀ। ਉਸ ਦੀਆਂ ਸਾਰੀਆਂ ਚੂਲਾਂ ਆਪਣੀ ਥਾਂ ਸਿਰ ਸਥਿਰ ਸਨ।

ਅੱਧੀ ਜ਼ਿੰਦਗੀ ਮੈਂ ਇਸ ਕੁਰਸੀ ਉਤੇ ਬੈਠਿਆਂ ਗੁਜ਼ਾਰ ਦਿੱਤੀ ਸੀ। ਬੱਸ ਉਹੀ ਹੀ ਮੇਰੀ ਅਸਲੀ ਜ਼ਿੰਦਗੀ ਸੀ, ਜੋ ਮੈਂ ਇਸ ਕੁਰਸੀ ਉਤੇ ਬੈਠਿਆਂ ਗੁਜ਼ਾਰੀ। ਕੁਰਸੀ ਮੇਰੀ ਹਮਰਾਜ਼ ਸੀ। ਮੇਰੀਆਂ ਮੀਲਾਂ ਲੰਮੀਆਂ ਤਨਹਾਈਆਂ ਵਿੱਚ ਕੁਰਸੀ ਮੇਰਾ ਸਾਥ ਸੀ। ਕੁਰਸੀ ਉਤੇ ਬੈਠ ਕੇ ਪੜ੍ਹਦਾ ਸਾਂ, ਸੋਚਦਾ ਸਾਂ, ਲਿਖਦਾ ਸਾਂ। ਘਟਨਾਵਾਂ ਦੀਆਂ ਘਟਨਾਵਾਂ ਵਿੱਚ ਗੁਆਚ ਜਾਂਦਾ ਸਾਂ। ਮੇਰੇ ਨਾਲ ਗੱਲ ਕਰਨ ਵਾਲਾ ਕੋਈ ਨਹੀਂ ਸੀ। ਮੇਰੀਆਂ ਕਹਾਣੀਆਂ ਦੇ ਪਾਤਰ ਸਨ, ਜਿਨ੍ਹਾਂ ਨਾਲ ਮੈਂ ਗੱਲ ਕਰਦਾ ਸਾਂ। ਪਰ ਉਹ ਬੋਲਦੇ ਨਹੀਂ ਸਨ। ਅੜਦੇ ਨਹੀਂ ਸਨ। ਇਕ ਮੇਰੀ ਕੁਰਸੀ ਹੀ ਸੀ। ਜੋ ਮੇਰੀ ਹਰ ਧੜਕਣ ਸੁਣਦੀ ਸੀ। ਪਰ ਬੋਲਦੀ ਨਹੀਂ ਸੀ।

ਕਈ ਵਾਰ ਮੈਨੂੰ ਰਾਤਾਂ ਨੂੰ ਨੀਂਦ ਨਹੀਂ ਸੀ ਆਉਂਦੀ। ਮੰਜਾ ਚੁਭਦਾ ਸੀ। ਉਠ ਕੇ ਮੈਂ ਕੁਰਸੀ ਉਤੇ ਬੈਠ ਜਾਂਦਾ ਸਾਂ। ਹਨੇਰੇ ਵਿੱਚ ਹੀ ਦੂਰ ਤੱਕ ਵੇਖਦਾ ਸਾਂ। ਕੁਰਸੀ ਦੀਆਂ ਅੱਖਾਂ ਵਿੱਚੋਂ ਚਾਨਣ ਝਰਦਾ ਸੀ। ਖਿੜਕੀ ਰਾਹੀਂ ਅੰਦਰ ਆ ਕੇ ਚੰਦਰਮੇਂ ਦੀ ਚਾਂਦਨੀ ਕੁਰਸੀ ਨੂੰ ਪ੍ਰਕਾਸ਼ਮਾਨ ਕਰ ਦਿੰਦੀ ਸੀ। ਤਾਜ਼ੀ ਤਾਜ਼ੀ ਸਵੇਰ ਉਦੇ ਹੁੰਦੀ। ਕਿਰਤੀ ਕਿਸਾਨ ਆਪਣੇ ਕੰਮੀਂ ਤੁਰ ਪੈਂਦੇ ਸਨ।

ਚਿੜੀ ਚੂਕਦੀ ਨਾਲ ਉਠ ਤੁਰ ਪਾਂਧੀ, ਪਈਆਂ ਦੁੱਧ ਵਿੱਚ ਮਧਾਣੀਆਂ ਨੇਂ.....

ਕੁਰਸੀ ਮੇਰਾ ਸਿੰਘਾਸਨ ਨਹੀਂ ਸੀ। ਕੁਰਸੀ ਮੇਰੀ ਦਾਸੀ ਨਹੀਂ ਸੀ। ਕੁਰਸੀ ਮੇਰੀ ਹੋਂਦ



ਦਾ ਕੇਂਦਰ ਸੀ। ਕਿੱਧਰੋਂ ਚਿੱਠੀ ਆਉਂਦੀ, ਕਿੱਧਰੋਂ ਟੈਲੀਫੋਨ ਆਉਂਦਾ। ਕੁਰਸੀ ਪੰਜਾਬ ਦੀ ਨਬਜ਼ ਸੀ। ਸੰਸਾਰ ਦੀ ਖ਼ਬਰ ਸੀ, ਸਭ ਦੂਰ ਦੀਆਂ ਆਵਾਜ਼ਾਂ-ਨੇੜੇ ਦੀ ਕੋਈ ਆਵਾਜ਼ ਨਹੀਂ ਸੀ।

ਮੇਰੀ ਕੁਰਸੀ ਮੇਰੇ ਨਾਲ ਗੱਲ੍ਹਾਂ ਕਰਦੀ ਹੈ। ਅਨਤੋਨ ਚੈਖੋਵ ਦੇ ਟਾਂਗਾ ਚਾਲਕ ਨਾਲ ਕੋਈ ਗੱਲ ਨਹੀਂ ਕਰਦਾ। ਕੋਈ ਨਹੀਂ ਸੀ ਉਸਦਾ ਦੁੱਖ ਸੁਣਦਾ। ਟਾਂਗਾ ਚਾਲਕ ਆਪਣਾ ਦੁੱਖ ਆਪਣੇ ਘੋੜੇ ਨੂੰ ਸੁਣਾਉਂਦਾ ਹੈ। ਘੋੜਾ, ਚਾਲਕ ਦੇ ਦੁੱਖ ਵਿੱਚ ਸ਼ਰੀਕ ਹੁੰਦਾ ਹੈ। ਮੇਰੇ ਦੁੱਖ ਦਾ ਕੋਈ ਸਾਥੀ ਨਹੀਂ ਹੈ। ਮੇਰੀ ਕੁਰਸੀ ਹੈ।

ਸਿੱਧੇ ਸਾਦੇ ਨਿਰਛਲ ਧੰਨੇ ਜੱਟ ਨਾਲ, ਉਸਦਾ ਪੱਥਰ ਦਾ ਭਗਵਾਨ ਗੱਲਾਂ ਕਰਦਾ ਸੀ। ਧੰਨੇ ਦੀ ਵੇਦਨਾ ਸੁਣਦਾ ਸੀ। ਧੰਨੇ ਜੱਟ ਦੀ ਭਗਤੀ ਪ੍ਰਵਾਨ ਚੜ੍ਹੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਧੰਨੇ ਭਗਤ ਦੇ ਤਿੰਨ ਸ਼ਬਦ ਸ਼ਾਮਲ ਹਨ।

ਅੱਧੀ ਰਾਤ ਨੂੰ ਜਦੋਂ ਕੁੱਤਾ ਲੰਮੀ ਹੇਕ ਕੱਢਦਾ ਹੈ। ਤੁਸੀਂ ਕਹਿੰਦੇ ਹੋ ਕੁੱਤਾ ਰੋਂਦਾ ਹੈ। ਮੈਂ ਕਹਿੰਦਾ ਹਾਂ ਕੁੱਤਾ ਗਾਉਂਦਾ ਹੈ। ਸਰੂਰ ਵਿਚ ਹੁੰਦਾ ਹੈ। ਸੁੰਨਸਾਨ ਅੱਧੀ ਰਾਤ ਨੂੰ ਭਲਾ ਕੁੱਤੇ ਨੇ ਰੋ ਕੇ ਕਿਸ ਪਾਸੋਂ ਹਮਦਰਦੀ ਲੈਣੀ ਸੀ। ਅੱਧੀ ਰਾਤ ਨੂੰ ਉਪਰ ਵੱਲ ਮੂੰਹ ਕਰਕੇ ਕੁੱਤੇ ਦੀ ਮੀਲਾ ਲੰਮੀ ਹੇਕ, ਰੱਬ ਦੇ ਦਰਬਾਰ ਵਿੱਚ ਅਰਜ਼ੋਈ ਸੀ - ਤੂੰ ਮੈਨੂੰ ਕੁੱਤਾ ਬਣਾਇਆ, ਤੇਰੀ ਮਰਜ਼ੀ। ਪਰ ਮੈਨੂੰ ਬੰਦਾ ਨਾ ਬਣਾਵੀਂ। ਮੈਨੂੰ ਸੌ ਧੋਖੇ, ਹਜ਼ਾਰ ਚਲਿੱਤਰ ਤੇ ਦਸ ਹਜ਼ਾਰ ਭ੍ਰਿਸ਼ਟ ਪਾਪੜ ਵੇਲਣੇ ਪੈਣਗੇ।

ਭੀੜ ਦੇ ਸਮੁੰਦਰ ਵਿੱਚ ਮੈਂ ਤਨਹਾ ਕਤਰਾ ਹਾਂ। ਲੱਖਾਂ ਚਿਹਰੇ ਹਨ। ਪਰ ਮੈਂ ਇਸ ਚਿਹਰੇ ਦੇ ਮੱਥੇ ਵਿੱਚ ਜਗਦਾ ਹਾਂ। ਆਸਮਾਨ ਦੇ ਟੁੱਟੇ ਤਾਰੇ ਹਨ। ਰੇਤ ਉਤੇ ਹਸਤਾਖ਼ਰ ਹਨ। ਸੰਘੋਲ ਦੀ ਖੁਦਾਈ ਦਾ ਸੁਰਮੰਡਲ ਉਹ। ਉਸ ਦੀ ਦਾਅਵਤ ਵਿੱਚ ਸਾਰੇ ਚੰਦੂ, ਗੰਗੂ ਜਮਾ ਸਨ, ਮੈਂ ਮਨਫ਼ੀ ਸਾਂ। ਮਾਉਂ ਕਹਿੰਦਾ, ਅੱਖਰਾਂ ਨੂੰ ਅੱਖਾਂ ਤੱਕ ਲੈ ਜਾਣ ਦਾ ਸਾਰਾ ਕੰਮ ਮੈਂ ਕਰਾਂਗਾ ਅਤੇ ਪੁਸਤਕ ਸੰਪਾਦਤ ਵੀ ਮੈਂ ਹੀ ਕਰਾਂਗਾ। ਪਰ ਮੈਨੂੰ ਧੁੱਪੇ ਖੜ੍ਹਾ ਆਦਮੀ ਕਹਿ ਕੇ, ਮਾਊਂ ਮੁੱਕਰ ਗਿਆ। ਮੇਰੀ ਮਾਸੂਮੀਅਤ, ਸਾਦਗੀ ਦੇ ਸਰੋਵਰ ਵਿਚੋਂ ਚੁਲੀਆਂ ਭਰਨ ਵਾਲੇ ਕਈ ਸਨ। ਠੇਡੇ ਤਾਂ ਕਈ ਸਨ। ਪਰ 2+2 ਕਦਮਾਂ ਦੀ ਸਮਤੋਲ ਕਦਮਤਾਲ ਨਹੀਂ ਸੀ। ਹਾਂ ਮੇਰੀ ਕੁਰਸੀ ਜਿਉਂਦੀ ਰਹੇ।

ਪਰ ਕੁਰਸੀ ਤਾਂ ਮੇਰੇ ਤੋਂ ਜ਼ਿਆਦਾ ਬਿਰਧ ਹੋ ਗਈ ਸੀ। ਸਾਰੀ ਉਮਰ ਕਾਰਜਸ਼ੀਲ ਰਹੀ ਹੈ। ਪਰ ਉਸ ਦੀਆਂ ਨਾੜੀਆਂ, ਉਸਦਾ ਬੈਂਤ ਟੁੱਟ ਗਿਆ ਹੈ।

ਮੇਰਾ ਆਪਾ ਖੰਡਿਤ ਹੈ। ਪਰ ਇੱਥੇ ਅਖੰਡ ਕੌਣ ਹੈ ? ਹਰ ਕੋਈ ਟੁਕੜਿਆਂ ਵਿੱਚ ਜੀ ਰਿਹਾ ਹੈ। ਤੁਰਦੇ ਫਿਰਦੇ ਆਕਾਰ ਹਨ- ਵਸਤੂਹੀਣ ਪਰਛਾਵੇਂ ਹਨ। ਸਭ ਤੋਂ ਮਾੜੀ ਗੱਲ ਹੈ। ਜ਼ਮੀਰ ਦਾ ਹਾਰ ਜਾਣਾ।

ਤਾਰਿਆਂ ਨਾਲ ਸਵਾਂਦ ਕੌਣ ਕਰ ਰਿਹਾ ਹੈ। ਇਹ ਫੁੱਲ ਹਾਸਿਆਂ ਨਾਲ ਕਿਸ ਦਾ ਸਵਾਗਤ ਕਰ ਰਹੇ ਹਨ।

ਰੁੱਖਾਂ ਦੇ ਝੁੰਡ ਵਿੱਚੋਂ ਦੀ ਲੰਘਦੀ ਤੇਜ਼ ਹਵਾ ਸੀਟੀਆਂ ਮਾਰ ਕੇ ਕਿਸ ਨੂੰ ਬੁਲਾ ਰਹੀ ਹੈ।

ਮੇਰੀ ਕੁਰਸੀ ਨੇ ਕਿਹਾ - ਮੌਸਮ ਖੁਸ਼ਗਵਾਰ ਹੈ। ਮੈਨੂੰ ਬਲਾਵਾ ਆਇਆ ਹੈ। ਮੈਂ ਚਲਦੀ ਹਾਂ। ਮੈਨੂੰ ਵਿਦਾ ਕਰੋ। ਕਿਤੇ ਐਸਾ ਨਾ ਹੋਵੇ ਕਿ ਮੇਰਾ ਬੁਢਾਪਾ ਬੇਕਾਰ ਹੋ ਜਾਵੇ, ਰੁਲਦਾ ਰਹੇ। ਤੁਹਾਡੇ ਪਿੱਛੇ ਮੇਰਾ ਕੌਣ ਹੈ ?

ਕੁਰਸੀ ਦੀਆਂ ਬਾਹਵਾਂ ਹਾਲੀ ਮਜ਼ਬੂਤ ਸਨ। ਮੈਂ ਇਹ ਬਾਹਵਾਂ ਲਾਹ ਕੇ, ਉਖੇੜ ਕੇ, ਨਵੀਂ ਕੁਰਸੀ ਨੂੰ ਫਿੱਟ ਕਰਵਾ ਲਈਆਂ।

ਮੈਂ ਕੁਰਸੀ- ਇਸ਼ਨਾਨ ਕਰਵਾਇਆ। ਨਵੀਂ ਪੁਸ਼ਾਕ ਪਹਿਨਾਈ। ਮੈਂ ਆਪਣੀਆਂ ਕਿਤਾਬਾਂ ਵਾਲੀ ਵੱਡੀ ਅਲਮਾਰੀ ਦੇ ਉੱਪਰ ਕੁਰਸੀ ਟਿਕਾ ਦਿੱਤੀ ਹੈ। ਕੁਰਸੀ ਸੇਵਾ ਮੁਕਤ ਹੋ ਗਈ ਸੀ।

ਆਪਣੀਆਂ ਬਾਹਵਾਂ ਦੀ ਹੋਂਦ ਨਾਲ ਮੇਰੀ ਨਵੀਂ ਕੁਰਸੀ, ਪੁਰਾਣੀ ਕੁਰਸੀ ਦਾ ਰੂਪ ਧਾਰਨ ਕਰ ਗਈ ਸੀ।

ਚਾਰ ਬਾਹਵਾਂ ਮਜ਼ਬੂਤ ਸਨ। ਜਿਉਂਦੀਆਂ ਸਨ।

ਚਰਖਾ ਬੋਲੇ ਸਾਈਂ ਸਾਈਂ, ਬਾਇੜ ਬੋਲੇ ਤੂੰ,
ਕਹੈ ਹੁਸੈਨ ਫ਼ਕੀਰ ਸਾਈਂ ਦਾ, ਮੈਂ ਨਹੀਂ ਸਭ ਤੂੰ।

**ਕਵਿਤਾ ਭਵਨ, ਮਾਛੀਵਾੜਾ ਰੋਡ ਸਮਰਾਲਾ-141114**

**94638-08697**

□□□

**ਮੈਸ: ਰਮੇਸ਼ ਰੇਡੀਓਜ਼ ਐਂਡ ਗਿਫ਼ਟ ਸੈਂਟਰ**

**ਮੇਨ ਬਾਜ਼ਾਰ ਬੇਗੋਵਾਲ (ਕਪੂਰਥਲਾ)**

**ਇੱਥੇ ਪੱਖੇ, ਸਿਲਾਈ ਮਸ਼ੀਨਾਂ, ਗੈਸ ਚੁੱਲ੍ਹੇ, ਡਿਸ਼, ਪ੍ਰੈਸਾਂ, ਮਧਾਣੀਆਂ ਅਤੇ ਬਿਜਲੀ ਦਾ ਹੋਰ ਸਮਾਨ ਸਸਤੇ ਰੇਟਾਂ 'ਤੇ ਵੇਚਿਆ ਜਾਂਦਾ ਹੈ।**

**ਰਮੇਸ਼ ਚੰਦਰ ਗਾਂਧੀ ਐਂਡ ਸੰਨਜ਼**

**99151-14870**



# ਮਾਪੇ ਖੁਸ਼ ਤਾਂ ਰੱਬ ਖੁਸ਼

**ਦਲਜੀਤ ਸਿੰਘ ਰਤਨ**



ਸਿਆਨਿਆਂ ਦਾ ਕਥਨ ਹੈ ਕਿ 'ਜੇ ਮਾਪੇ ਖੁਸ਼ ਤਾਂ ਰੱਬ ਖੁਸ਼'। ਮਾਪਿਆਂ ਨੂੰ ਰੱਬ ਦਾ ਰੂਪ ਇਸ ਲਈ ਕਿਹਾ ਗਿਆ ਹੈ ਕਿਉਂਕਿ ਬੱਚੇ ਭਾਵੇਂ ਉਨ੍ਹਾਂ ਨਾਲ ਕਿਹੋ ਜਿਹਾ ਸਲੂਕ ਕਰਨ ਪਰ ਮਾਂ-ਪਿਓ ਦੇ ਮੂੰਹ 'ਚੋਂ ਸਦਾ ਉਨ੍ਹਾਂ ਲਈ ਅਸੀਸਾਂ ਹੀ ਨਿਕਲਦੀਆਂ ਹਨ। ਪੁੱਤ ਭਾਵੇਂ ਕਪੁੱਤ ਹੋ ਜਾਣ ਪਰ ਮਾਪੇ ਕਦੇ ਕੁਮਾਪੇ ਨਹੀਂ ਬਣਦੇ। ਆਪਣੇ ਬਚਪਨ 'ਤੇ ਜੇਕਰ ਝਾਤੀ ਮਾਰੀਏ ਕਿ ਛੋਟੇ ਹੁੰਦਿਆਂ ਸਾਨੂੰ ਸਾਡੇ ਮਾਪੇ ਕਿਸ ਤਰ੍ਹਾਂ ਪਾਲਦੇ ਹਨ। ਮਾਂ ਸਾਰੀ-ਸਾਰੀ ਰਾਤ ਜਾਗ ਕੇ, ਆਪ ਗਿੱਲੇ ਥਾਂ ਪੈ ਕੇ ਪੁੱਤ ਨੂੰ ਸੁੱਕੇ ਥਾਂ ਸਵਾਉਂਦੀ ਹੈ, ਪਿਤਾ ਸਾਰਾ ਸਾਰਾ ਦਿਨ ਥੱਕ ਹਾਰ ਕੇ, ਆਪ ਭੁੱਖਾ ਰਹਿ ਕੇ ਸ਼ਾਮ ਨੂੰ ਘਰ ਆਉਣ ਲੱਗਾ ਆਪਣੇ ਬੱਚਿਆਂ ਲਈ ਕੁਝ ਨਾ ਕੁਝ ਲੈ ਕੇ ਆਉਂਦਾ ਹੈ। ਭਾਵੇਂ ਉਹ ਬੇਸ਼ੱਕ ਕਿੰਨਾ ਵੀ ਥੱਕਿਆ ਹੋਇਆ ਘਰ ਆਵੇ ਪਰ ਆਪਣੇ ਬੱਚਿਆਂ ਨੂੰ ਦੇਖ ਕੇ ਉਸ ਦੀ ਥਕਾਵਟ ਲੱਥ ਜਾਂਦੀ ਹੈ। ਬੱਚੇ ਨੂੰ ਮਾੜੀ ਜਿਹੀ ਤਕਲੀਫ ਹੋਵੇ ਤਾਂ ਮਾਂ-ਪਿਓ ਸਾਰੀ-ਸਾਰੀ ਰਾਤ ਜਾਗ ਕੇ ਲੰਘਾ ਦਿੰਦੇ ਹਨ। ਇਸ ਤਰ੍ਹਾਂ ਦੀਆਂ ਕਿੰਨੀਆਂ ਉਦਾਹਰਣਾਂ ਸਾਡੇ ਸਾਹਮਣੇ ਹਨ ਜਿਨ੍ਹਾਂ ਵਿਚ ਮਾਂ ਦੀ ਮਮਤਾ ਅਤੇ ਪਿਤਾ ਦਾ ਪਿਆਰ ਸਾਫ ਝਲਕਦਾ ਹੁੰਦਾ ਹੈ।

ਪਰ ਓਹੀ ਬੱਚੇ ਜੇਕਰ ਵੱਡੇ ਹੋ ਕੇ ਮਾਂ-ਬਾਪ ਦਾ ਸਤਿਕਾਰ ਨਾ ਕਰਨ ਜਾਂ ਉਨ੍ਹਾਂ ਦੀਆਂ ਉਮੀਦਾਂ 'ਤੇ ਖਰਾ ਨਾ ਉਤਰ ਕੇ ਬੁਰੀ ਸੰਗਤ ਵਿਚ ਪੈ ਜਾਣ ਤਾਂ ਉਨ੍ਹਾਂ ਮਾਪਿਆਂ 'ਤੇ ਕੀ ਬੀਤਦੀ ਹੈ, ਇਹ ਅੰਦਾਜ਼ਾ ਲਾਉਣਾ ਬਹੁਤਾ ਔਖਾ ਨਹੀਂ। ਇਹ ਠੀਕ ਹੈ ਕਿ ਕਈ ਬੱਚਿਆਂ ਦੀਆਂ ਮਜਬੂਰੀਆਂ ਬਣ ਜਾਂਦੀਆਂ ਹਨ, ਉਨ੍ਹਾਂ ਨੂੰ ਆਪਣੇ ਕੰਮਾਂਕਾਰਾਂ ਦੇ ਸਿਲਸਿਲੇ ਵਿਚ ਜਾਂ ਨੌਕਰੀ ਕਰਕੇ ਦੂਰ-ਦੁਰਾਡੇ ਰਹਿਣਾ ਪੈਂਦਾ ਹੈ। ਪਰ ਜੋ ਬੱਚੇ ਇਕੋ ਸ਼ਹਿਰ, ਇਕੋ ਮੁਹੱਲੇ ਅਤੇ ਇਕੋ ਘਰ ਵਿਚ ਹੁੰਦੇ ਹੋਏ ਵੀ ਆਪਣੇ ਮਾਤਾ-ਪਿਤਾ ਨੂੰ ਅਲੱਗ ਰਹਿਣ ਲਈ ਮਜਬੂਰ ਕਰਨ ਜਾਂ ਆਪ ਅਲੱਗ ਹੋ ਜਾਣ, ਉਨ੍ਹਾਂ ਨੂੰ ਬਚਪਨ ਯਾਦ ਕਰਨਾ ਚਾਹੀਦਾ ਹੈ, ਜਦੋਂ ਮਾਂ-ਬਾਪ ਕਿਤੇ ਪਲ ਭਰ ਲਈ ਵੀ ਅੱਖੋਂ ਓਹਲੇ ਹੋ ਜਾਂਦੇ ਸਨ ਤਾਂ ਸਾਰੀ ਦੁਨੀਆਂ ਹਨ੍ਹੇਰਾ ਜਾਪਣ ਲੱਗ ਪੈਂਦਾ ਸੀ। ਦਿਨ ਵੇਲੇ ਭਾਵੇਂ ਕਿਤੇ ਵੀ ਖੇਡ ਲੈਣਾ ਜਾਂ ਚਲੇ ਜਾਣਾ ਪਰ ਰਾਤ ਵੇਲੇ 'ਮਾਂ' ਚਾਹੀਦੀ ਹੁੰਦੀ ਸੀ। ਕੀ ਵੱਡੇ ਹੋ ਕੇ ਉਹ ਮਾਂ-ਬਾਪ ਨਹੀਂ ਚਾਹੀਦੇ ਹੁੰਦੇ ? ਕੀ ਵੱਡੇ ਹੋ ਕੇ ਸਾਨੂੰ ਉਨ੍ਹਾਂ ਦੀ ਲੋੜ ਘਟ ਜਾਂਦੀ ਹੈ ? ਕੀ ਅਸੀਂ ਇੰਨੇ ਸਿਆਣੇ ਹੋ ਜਾਂਦੇ ਹਾਂ ਕਿ ਸਾਰੇ ਫੈਸਲੇ ਆਪ ਕਰਨੇ ਹੀ ਠੀਕ ਸਮਝਦੇ ਹਾਂ। ਕੀ ਸਾਨੂੰ

ਏਨੀ ਮੱਤ ਆ ਜਾਂਦੀ ਹੈ ਕਿ ਅਸੀਂ ਵੱਡਿਆਂ ਨੂੰ ਮੱਤਾਂ ਦੇਣ ਲੱਗਿਆਂ ਭੋਰਾ ਸੰਕੋਚ ਨਹੀਂ ਕਰਦੇ ?

ਸਮਾਂ ਬਦਲ ਗਿਆ ਹੈ, ਨਵਾਂ ਯੁੱਗ ਆ ਗਿਆ, ਨਵੀਂਆਂ-ਨਵੀਂਆਂ ਚੀਜ਼ਾਂ ਆ ਗਈਆਂ ਹਨ। ਬਜ਼ੁਰਗ ਇਸ ਆਧੁਨਿਕ ਜ਼ਮਾਨੇ ਨੂੰ ਭਾਵੇਂ ਅਪਨਾਉਣਾ ਨਹੀਂ ਚਾਹੁੰਦੇ ਪਰ ਇਨ੍ਹਾਂ ਚੀਜ਼ਾਂ ਦੇ ਫਾਇਦੇ ਦੱਸ ਕੇ ਬਜ਼ੁਰਗਾਂ ਨੂੰ ਸਮੇਂ ਦੇ ਨਾਲ ਢਾਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਨਾ ਕਿ ਉਨ੍ਹਾਂ ਨੂੰ ਖਿਝ-ਖਿਝ ਕੇ ਪੈਣਾ ਚਾਹੀਦਾ ਹੈ। ਹੁਣ ਸਾਨੂੰ ਜ਼ਿੰਦਗੀ ਜ਼ਿਆਦਾ ਜਿਊਣੀ ਨਹੀਂ ਆ ਗਈ। ਉਨ੍ਹਾਂ ਨੇ ਵੀ ਸਾਰੀ ਉਮਰ ਹੰਢਾਈ ਹੁੰਦੀ ਹੈ। ਉਨ੍ਹਾਂ ਦੇ ਵੀ ਆਪਣੇ ਤਜ਼ਰਬੇ ਹੁੰਦੇ ਹਨ। ਪਰ ਅੱਜਕਲ੍ਹ ਦੇਖਿਆ ਜਾਵੇ ਤਾਂ ਪੜ੍ਹੀਆਂ-ਲਿਖੀਆਂ ਨੂੰਹਾਂ ਆਪਣੇ ਸੱਸ-ਸਹੁਰੇ ਨੂੰ ਹਰ ਗੱਲ 'ਤੇ ਟੋਕਣ 'ਚ ਫਖਰ ਮਹਿਸੂਸ ਕਰਦੀਆਂ ਹਨ। 'ਤੁਸੀਂ ਕੱਪੜੇ ਨਹੀਂ ਚੰਗੇ ਪਾਉਂਦੇ, ਤੁਹਾਡੀ ਜੁੱਤੀ ਨਹੀਂ ਚੰਗੀ, ਤੁਹਾਨੂੰ ਖਾਣਾ ਨਹੀਂ ਆਉਂਦਾ, ਤੁਸੀਂ ਬੋਲਦੇ ਉੱਚੀ ਹੋ।' ਇਹ ਨਿੱਕੀਆਂ-ਨਿੱਕੀਆਂ ਗੱਲਾਂ ਸਾਨੂੰ ਆਪਣੇ ਆਲੇ-ਦੁਆਲੇ ਘਰਾਂ ਵਿਚ ਆਮ ਦੇਖਣ-ਸੁਣਨ ਨੂੰ ਮਿਲਦੀਆਂ ਹਨ। ਜਦੋਂ ਇਹ ਗੱਲਾਂ ਕਹੀਆਂ ਜਾਂਦੀਆਂ ਹਨ ਤਾਂ ਉਸ ਵੇਲੇ ਉਨ੍ਹਾਂ ਬਜ਼ੁਰਗਾਂ ਦੇ ਦਿਲ 'ਤੇ ਕੀ ਬੀਤਦੀ ਹੋਵੇਗੀ ਇਸ ਦਾ ਅੰਦਾਜ਼ਾ ਸਿਰਫ ਉਹ ਹੀ ਲਾ ਸਕਦਾ ਹੈ ਜਿਸ ਨਾਲ ਬੀਤਦੀ ਹੋਵੇ। ਆਪਣੇ ਮਾਂ-ਬਾਪ ਜਾਂ ਸੱਸ-ਸਹੁਰੇ ਨੂੰ ਇਹ ਗੱਲਾਂ ਪਿਆਰ ਨਾਲ ਵੀ ਕਹੀਆਂ ਜਾ ਸਕਦੀਆਂ ਹਨ। ਅਸੀਂ ਵੀ ਇਕ ਦਿਨ ਉਮਰ ਦੇ ਉਸ ਪੜਾਅ ਵਿਚ ਜਾਣਾ ਹੈ। ਸਾਨੂੰ ਕੀ ਪਤਾ ਸਾਡੇ ਨੂੰਹਾਂ-ਪੁੱਤ ਕਿਹੋ ਜਿਹਾ ਵਿਵਹਾਰ ਕਰਨ ? ਫਿਰ ਅਸੀਂ ਕਿਸ ਨੂੰ ਜ਼ਿੰਮੇਵਾਰ ਠਹਿਰਾਵਾਂਗੇ ਕਿਉਂਕਿ ਸਾਡੇ ਬੱਚਿਆਂ 'ਤੇ ਵੀ ਓਹੋ ਜਿਹਾ ਹੀ ਅਸਰ ਹੋਵੇਗਾ ਜੋ ਉਹ ਅੱਜ ਘਰਾਂ ਵਿਚ ਦੇਖ ਰਹੇ ਹਨ।

ਅਸੀਂ ਆਪਣੇ ਬੱਚਿਆਂ ਦੇ ਵਿਆਹ-ਸ਼ਾਦੀਆਂ ਕਰਨ ਜਾਂ ਉਸ ਤੋਂ ਬਾਅਦ ਦੇ ਸੁਪਨੇ ਤਾਂ ਬਹੁਤ ਦੇਖਦੇ ਹਾਂ। ਨੂੰਹ-ਪੁੱਤ ਤੋਂ ਸੁਖ ਲੈਣ ਦੀਆਂ ਗੱਲਾਂ ਤਾਂ ਬਹੁਤ ਕਰਦੇ ਹਾਂ। ਸੁਪਨੇ ਲੈਣੇ ਵੀ ਚਾਹੀਦੇ ਹਨ, ਇਹ ਸਾਡਾ ਹੱਕ ਬਣਦਾ ਹੈ। ਆਪਣੇ ਬੱਚਿਆਂ ਤੋਂ ਉਮੀਦਾਂ ਨਹੀਂ ਕਰਨੀਆਂ ਤਾਂ ਕੀ ਕਿਸੇ ਬਾਹਰਲੇ ਨੇ ਉਨ੍ਹਾਂ ਦੇ ਚਾਅ ਪੂਰੇ ਕਰਨੇ ਹਨ ? ਪਰ ਜ਼ਰਾ ਸੋਚੋ, ਕੀ ਤੁਸੀਂ ਆਪਣੇ ਮਾਂ ਬਾਪ ਦੇ ਸੁਪਨੇ ਪੂਰੇ ਕੀਤੇ ਹਨ, ਕੀ ਤੁਸੀਂ ਉਨ੍ਹਾਂ ਨੂੰ ਸੁਖ ਦੇ ਰਹੇ ਹੋ ? ਆਪ ਤਾਂ ਅਸੀਂ ਉਨ੍ਹਾਂ ਨੂੰ ਘਰ ਦੀ ਕਿਸੇ ਚੀਜ਼ ਨੂੰ ਹੱਥ ਲਾਉਣ ਤੋਂ ਰੋਕਣ 'ਚ ਸੰਕੋਚ ਨਹੀਂ ਕਰਦੇ ਪਰ ਖੁਦ ਅਸੀਂ ਭਾਲਦੇ ਹਾਂ ਕਿ ਸਾਡੇ ਬੱਚੇ ਸਾਨੂੰ ਆਹ ਵੀ ਲੈ ਕੇ ਦੇਣਗੇ-ਓਹ ਵੀ ਲੈ ਕੇ ਦੇਣਗੇ।

ਬੇਸ਼ੱਕ ਸਾਰੇ ਘਰਾਂ ਵਿਚ ਅਜਿਹਾ ਨਹੀਂ ਹੁੰਦਾ। ਕਈ ਘਰਾਂ ਵਿਚ ਮਾਂ-ਬਾਪ ਦਾ ਪੂਰਾ ਸਤਿਕਾਰ ਕੀਤਾ ਜਾਂਦਾ ਹੈ। ਹਰ ਕੰਮ ਉਨ੍ਹਾਂ ਦੇ ਅਸ਼ੀਰਵਾਦ ਨਾਲ ਕੀਤਾ ਜਾਂਦਾ ਹੈ।



ਉਨ੍ਹਾਂ ਦੀ ਹਰ ਕੰਮ ਵਿਚ ਸ਼ਮੂਲੀਅਤ ਨੂੰ ਆਪਣਾ ਵਡਭਾਗ ਸਮਝਿਆ ਜਾਂਦਾ ਹੈ। ਉਹ ਘਰ ਸਵਰਗ ਹੁੰਦੇ ਹਨ। ਉਨ੍ਹਾਂ ਘਰਾਂ ਵਿਚ ਖੁਸ਼ੀਆਂ ਆਪ ਚੱਲ ਕੇ ਆਉਂਦੀਆਂ ਹਨ। ਜਿਨ੍ਹਾਂ ਘਰਾਂ ਵਿਚ ਮਾਂ-ਬਾਪ ਦਾ ਅਸ਼ੀਰਵਾਦ ਨਾਲ ਹੋਵੇ ਉਨ੍ਹਾਂ ਘਰਾਂ ਵਿਚ ਕਿਸੇ ਚੀਜ਼ ਦੀ ਕਮੀ ਨਹੀਂ ਆਉਂਦੀ। ਪਰ ਅਫਸੋਸ, ਕਈ ਘਰ ਅਜਿਹੇ ਹਨ ਜਿਥੇ ਬਜ਼ੁਰਗਾਂ ਨਾਲ ਗੱਲ ਕਰਕੇ ਦੇਖੋ ਤਾਂ ਉਹ ਫੋੜੇ ਵਾਂਗ ਫਿਸ ਪੈਂਦੇ ਹਨ। ਉਹ ਆਪਣੇ ਮਨ ਦੀ ਭੜ੍ਹਾਸ ਕੱਢਦੇ ਹੋਏ ਇਹ ਕਹਿਣ ਤੋਂ ਵੀ ਸੰਕੋਚ ਨਹੀਂ ਕਰਦੇ ਕਿ ਉਹ ਨਰਕ ਵਰਗੀ ਜ਼ਿੰਦਗੀ ਬਤੀਤ ਕਰ ਰਹੇ ਹਨ। ਉਨ੍ਹਾਂ ਵੱਲ ਦੇਖ ਕੇ ਮਨ ਦੁਖੀ ਹੁੰਦਾ ਹੈ।

ਸਾਨੂੰ ਆਪਣਾ ਭਵਿੱਖ ਸੰਵਾਰਨ ਲਈ ਪਿੱਛੇ ਝਾਤੀ ਮਾਰਨ ਦੀ ਲੋੜ ਹੈ। ਜੇਕਰ ਖੁਦ ਸੁਖ ਲੈਣਾ ਲੋਚਦੇ ਹਾਂ ਤਾਂ ਮਾਪਿਆਂ ਨੂੰ ਖੁਸ਼ ਰੱਖਣਾ ਸਾਡਾ ਸਭ ਤੋਂ ਪਹਿਲਾ ਫਰਜ਼ ਹੈ। ਤੁਸੀਂ ਅਜ਼ਮਾ ਕੇ ਦੇਖੋ ਕਿ ਜਦੋਂ ਕੋਈ ਨਵੀਂ ਚੀਜ਼ ਘਰ ਲੈ ਕੇ ਆਓ ਜਾਂ ਕੋਈ ਖੁਸ਼ੀ ਦੀ ਖਬਰ ਮਾਪਿਆਂ ਨੂੰ ਸੁਣਾਓ ਤਾਂ ਉਨ੍ਹਾਂ ਦੇ ਚਿਹਰੇ 'ਤੇ ਕਿੰਨੀ ਚਮਕ ਹੁੰਦੀ ਹੈ ਤੇ ਉਹ ਦੋਵੇਂ ਹੱਥ ਉਲਾਰ ਕੇ ਤੁਹਾਨੂੰ ਅਸ਼ੀਰਵਾਦ ਦਿੰਦੇ ਹਨ ਤੇ ਪ੍ਰਮਾਤਮਾ ਅੱਗੇ ਤੁਹਾਨੂੰ ਹੋਰ ਖੁਸ਼ੀ ਦੇਣ ਦੀ ਅਰਦਾਸ ਕਰਨਗੇ। ਸੋ ਸਾਨੂੰ ਕਿਸੇ ਵੀ ਹਾਲਤ ਵਿਚ ਆਪਣੇ ਬਜ਼ੁਰਗਾਂ ਨੂੰ ਖੁਸ਼ ਰੱਖਣਾ ਚਾਹੀਦਾ ਹੈ। ਉਨ੍ਹਾਂ ਦੀ ਹਰ ਗੱਲ ਨੂੰ ਬਿਨਾਂ ਮੱਥੇ ਤਿਊੜੀ ਪਾਏ, ਖਿੜੇ ਮੱਥੇ ਮੰਨਣਾ ਚਾਹੀਦਾ ਹੈ। ਇਸ ਤਰ੍ਹਾਂ ਸਾਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਆਪਣੇ ਮਾਂ-ਬਾਪ ਦਾ ਪੂਰਾ ਸਤਿਕਾਰ ਕਰਾਂਗੇ ਅਤੇ ਉਨ੍ਹਾਂ ਦੀ ਹਰ ਖੁਸ਼ੀ ਪੂਰੀ ਕਰਨਾ ਆਪਣਾ ਸੁਭਾਗ ਸਮਝਾਂਗੇ। ਫਿਰ ਦੇਖੋ ਤੁਹਾਡਾ ਘਰ ਵੀ ਸਵਰਗ ਬਣ ਜਾਵੇਗਾ।

**35, ਸੰਗਮ ਵਿਹਾਰ, ਯੂਨੀਵਰਸਿਟੀ ਰੋਡ, ਡਾਕਖਾਨਾ: ਚੁਗਿੱਟੀ,**
**ਜਲੰਧਰ-144009, ਮੋਬਾਇਲ: 98149-44411**

□□□

***ਨਾਵਲ ਦਾ ਕਾਂਡ***

# ਸੁਪਨਿਆਂ ਦਾ ਮੰਚਣ

**ਸੁਖਮਿੰਦਰ ਸੇਖੋਂ**
98145-07693

ਬਲਵਿੰਦਰ ਸਿੰਘ ਨੈਸ਼ਨਲ ਪੱਧਰ ਦਾ ਫੁਟਬਾਲ ਖਿਡਾਰੀ ਬਣਕੇ ਨਿਕਲਿਆ।

ਸਮਾਜਿਕ ਸਿੱਖਿਆ ਦੀ ਮੈਡਲ ਰੀਟਾ ਸ਼ਰਮਾ ਦਾ ਵਡੇਰੀ ਉਮਰ ਵਿੱਚ ਆਪਣੇ ਪਤੀ ਨਾਲ ਤਲਾਕ ਹੋ ਗਿਆ ਸੀ।

ਉਸ ਦਾ ਇਕਲੌਤਾ ਪੁੱਤਰ ਸ਼ਹਿਰ ਵਿੱਚ ਹਰ ਸਮੇਂ ਮੋਟਰ ਸਾਈਕਲ ਲੈ ਕੇ ਫਿਰਦਾ ਦੇਖਿਆ ਜਾ ਸਕਦਾ ਹੈ। ਉਸ ਨੂੰ ਉਸ ਦੇ ਹਾਣੀ ਪਿਆਰ ਨਾਲ 'ਸ਼ਹਿਨਸ਼ਾਹ' ਕਰਕੇ

ਬੁਲਾਉਂਦੇ ਹਨ।

ਕਾਲਜ ਦੀ ਪੜ੍ਹਾਈ ਆਮ ਵਾਂਗ ਚੱਲ ਰਹੀ ਹੈ। ਕਦੇ ਕਦੇ ਉਹ ਬਹੁਤ ਪੜ੍ਹਨ ਦੀ ਕੋਸ਼ਿਸ਼ ਕਰਦਾ ਹੈ ਤੇ ਕਦੇ ਕਦੇ ਉਸਦਾ ਮਨ ਪੜ੍ਹਾਈ ਵੰਨੀਓਂ ਉਚਾਟ ਜਿਹਾ ਹੋ ਜਾਂਦਾ ਹੈ।

ਫਾਈਨਲ ਵਿਚ ਪਹੁੰਚਦਿਆਂ ਪਹੁੰਚਦਿਆਂ ਅਨੇਕਾਂ ਪੜਾਅ ਆਏ ਹਨ। ਖੱਟੇ ਮਿੱਠੇ ਅਹਿਸਾਸ ਹੰਢਾਉਂਦਿਆਂ ਉਸਦਾ ਇਕ ਮਾਤਰ ਦੋਸਤ ਹਰਮਨ ਉਸ ਤੋਂ ਇਕ ਰੋਜ਼ ਪੁੱਛਣ ਲੱਗਾ, "ਮੈਨੂੰ ਇਕ ਗੱਲ ਸੱਚੋ ਸੱਚ ਦੱਸੇਂਗਾ ਰੁਪਿੰਦਰ?"

"ਹਾਂਅ! ਪੁੱਛ ਕੀ ਪੁੱਛਦੈਂ?" ਉਸ ਨੇ ਹੱਸਦਿਆਂ ਕਿਹਾ।

"ਅੱਜ ਕੱਲ ਤੂੰ ਬਹੁਤ ਖੋਇਆ ਖੋਇਆ ਜਿਹਾ ਰਹਿੰਦੈ ਕਿਤੇ ਆਪਣੀ ਗੁਆਂਢਣ ਨਾਲ ਤਾਂ ਕੋਈ ਚੱਕਰ ਵੱਕਰ ਨੀ?"

"ਗੁਆਂਢਣ-ਕਿਹੜੀ ਗੁਆਂਢਣ?" ਉਸ ਨੇ ਪੁੱਛਣਾ ਚਾਹਿਆ ਹੈ।

"ਕੁਲਜੀਤ.... ਹੋਰ ਕੌਣ?"

"ਉਹ ਤੂੰ ਵੀ ਮੇਰੇ ਯਾਰ ਕਿਸ ਦਾ ਨਾਉਂ ਲੈ ਬੈਠਾ। ਉਸ ਨੂੰ ਤਾਂ ਮੈਂ ਆਪਣੀ ਛੋਟੀ ਭੈਣ ਸਮਝਦੈਂ। ਬੇਸ਼ਕ ਮੈਂ ਰੱਖੜੀ ਦੇ ਕੋਈ ਖਾਸ ਮਾਅਨੇ ਨਹੀਂ ਸਮਝਦਾ ਪਰ ਉਹ ਹਰ ਸਾਲ ਮੇਰੇ ਗੁੱਟ 'ਤੇ ਰੱਖੜੀ ਬੰਨ੍ਹਦੀ ਹੈ।"

ਰੁਪਿੰਦਰ ਨੇ ਸਪਸ਼ਟ ਕੀਤਾ।

"ਪਰ ਮੈਨੂੰ ਤਾਂ ਲੱਗਦਾ ਸੀ...."

"ਤੇਰੇ ਕਿਆਸ ਹਮੇਸ਼ਾਂ ਗਲਤ ਨਿਕਲਦੇ ਨੇ, ਕਿਉਂਕਿ ਤੂੰ ਹਮੇਸ਼ਾਂ ਗਲਤ ਸੋਚਦੈਂ. ਦਰਅਸਲ ਮੈਨੂੰ ਲੱਗਦੈ ਤੇਰੀ ਸੋਚ ਦੀ ਕੈਨਵਸ ਹਾਲੇ ਕਾਫ਼ੀ ਛੋਟੀ ਐ।"

ਰੁਪਿੰਦਰ ਆਪਣੇ ਆਪ ਨੂੰ ਹਰਮਨ ਤੋਂ ਕਾਫ਼ੀ ਸਿਆਣਾ ਸਮਝਣ ਲੱਗਾ ਸੀ।

"ਤੈਨੂੰ ਕੀ ਪਤੈ ਮੈਂ ਤਾਂ ਪਰੀਆਂ ਵਰਗੀ ਰਵਿੰਦਰ ਕੌਰ...."

ਉਸ ਹਾਲੇ ਸੋਚਿਆ ਹੀ ਸੀ ਕਿ ਤੁਰਦਿਆਂ ਤੁਰਦਿਆਂ ਉਸ ਦੇ ਰਸਤੇ ਪ੍ਰੋ. ਰਵਿੰਦਰ ਕੌਰ ਆ ਖੜ੍ਹੀ ਹੋਈ।

"ਕਿਵੇਂ ਐਂ ਫੇਰ ਤਿਆਰੀ ਪੇਪਰ ਨੇੜੇ ਆਨ ਪਹੁੰਚੇ ਨੇ?" ਰਵਿੰਦਰ ਨੇ ਦੋਨਾਂ ਨੂੰ ਸੰਬੋਧਿਤ ਹੁੰਦਿਆਂ ਸਵਾਲ ਕੀਤਾ।

"ਬੱਸ ਠੀਕ ਈ ਐ ਜੀ.... ਅੱਗੇ ਤਾਂ ਰੱਬ ਨੂੰ ਈ ਪਤੈ।"

ਹਰਮਨ ਆਪਣੇ ਮਿੱਤਰ ਰੁਪਿੰਦਰ ਦੇ ਕੁਝ ਬੋਲਣ ਤੋਂ ਪਹਿਲਾਂ ਹੀ ਬੋਲ ਪਿਆ। ਰਵਿੰਦਰ ਹੱਸਦੀ ਹੋਈ ਅੱਗੇ ਲੰਘ ਗਈ।

ਪੇਪਰ ਨੇੜੇ ਹੋਣ ਕਰੇਕ ਜਦੋਂ ਵੀ ਰੁਪਿੰਦਰ ਕੋਈ ਕੋਰਸ ਦੀ ਕਿਤਾਬ ਲੈ ਕੇ ਬੈਠਦਾ



ਤਾਂ ਉਸ ਦਾ ਪੜ੍ਹਨ ਵਿਚ ਭੋਰਾ ਚਿੱਤਾ ਨਾ ਖੁੱਭਦਾ।

"ਜੇ ਪ੍ਰੋ. ਰਵਿੰਦਰ ਕਿਤੇ....."

ਪਰ ਅਗਲੇ ਹੀ ਪਲ "ਨਹੀਂ। ਉਸ ਨੂੰ ਅਜਿਹਾ ਨਹੀਂ ਸੋਚਣਾ ਚਾਹੀਦਾ, ਰਵਿੰਦਰ ਉਸ ਤੋਂ ਜਿੱਥੇ ਉਮਰ ਵਿੱਚ ਵੱਡੀ ਹੈ ਉਥੇ ਉਸ ਦੀ ਅਧਿਆਪਕ ਵੀ ਹੈ। ਅਧਿਆਪਕ ਮਾਅਨੇ ਗੁਰੂ।"

ਉਸ ਨੂੰ ਫੇਰ ਬਹੁਤ ਦੇਰ ਪਹਿਲਾਂ ਦੀ ਇਕ ਮਹੱਤਵਪੂਰਣ ਗੱਲ ਯਾਦ ਆਈ। ਜਦੋਂ ਉਹਨੂੰ ਰਵਿੰਦਰ ਕੌਰ ਨੇ ਆਪਣੇ ਪਤੀ ਨਾਲ ਮਿਲਾਇਆ ਸੀ। ਉਹ ਉਸ ਦੇ ਪਤੀ ਨੂੰ ਮਿਲ ਕੇ ਬਿਲਕੁਲ ਵੀ ਜਿਵੇਂ ਖੁਸ਼ ਨਹੀਂ ਸੀ ਹੋਇਆ। ਉਲਟਾ ਪਰੇਸ਼ਾਨ ਹੋ ਉਠਿਆ ਸੀ।

ਕਿਤਨੇ ਦਿਨ ਕਿਤਨੀਆਂ ਰਾਤਾਂ ਉਹ ਰਵਿੰਦਰ ਤੇ ਉਹਦੇ ਵਿਆਹ ਬਾਰੇ ਹੀ ਸੋਚਦਾ ਰਿਹਾ ਸੀ। ਉਨ੍ਹਾਂ ਕਿਸ ਤਰ੍ਹਾਂ ਪਹਿਲੀ ਰਾਤ ਮਨਾਈ ਹੋਵੇਗੀ ਤੇ ਫੇਰ ਉਦੋਂ ਤੋਂ ਹੁਣ ਤੀਕ......

"ਰੁਪਿੰਦਰ! ਇਹ ਮੇਰੇ ਪਤੀ ਨੇ। ਏਥੇ ਈ ਸਿਵਲ ਹੌਸਪਿਟਲ 'ਚ ਡਾਕਟਰ ਨੇ।" ਉਸ ਨੇ ਆਪਣੇ ਪਤੀ ਨਾਲ ਉਸ ਦੀ ਜਾਣ ਪਛਾਣ ਕਰਵਾਉਂਦਿਆਂ ਕਿਹਾ ਸੀ।

"ਇਹ ਮੇਰਾ ਸਟੂਡੈਂਟ ਐ ਰੁਪਿੰਦਰ ਸਿੰਘ। ਬਹੁਤ ਸਾਊ ਤੇ ਲਾਈਕ ਮੁੰਡੈ। ਮੈਂ ਇਸ ਨੂੰ ਆਪਣਾ ਛੋਟਾ ਭਰਾ ਸਮਝਦੀ ਆਂ।"

ਉਹ ਹੋਰ ਪਰੇਸ਼ਾਨ ਹੋਣ ਲੱਗਾ ਸੀ। ਉਸ ਨੂੰ ਉਥੇ ਇਕ ਪਲ ਵੀ ਖੜ੍ਹਨਾ ਮੁਸ਼ਕਿਲ ਹੋ ਰਿਹਾ ਸੀ, ਭਾਰਾ ਪੈ ਰਿਹਾ ਸੀ। ਉਸ ਦੇ ਸਿਰ ਵਿੱਚ ਪੀੜ ਹੋਣ ਲੱਗੀ ਸੀ। ਉਹ ਇਸੇ ਗੱਲ ਨੂੰ ਲੈ ਕੇ ਉਦਾਸ ਰਹਿਣ ਲੱਗਾ।

ਬਹੁਤ ਦੇਰ ਹੋ ਗਈ ਉਸ ਨੇ ਹੁਣ ਕਦੇ ਰਾਤ ਦਾ ਆਖਰੀ ਫ਼ਿਲਮ ਸ਼ੋਅ ਨਹੀਂ ਸੀ ਦੇਖਿਆ। ਉਂਜ ਵੀ ਹੁਣ ਜਦੋਂ ਘਰ ਟੀ.ਵੀ. ਆ ਗਏ ਸਨ ਤੇ ਵੱਖ-ਵੱਖ ਚੈਨਲਾਂ ਤੇ ਹੋਰ ਪ੍ਰੋਗਰਾਮ ਆਉਣ ਲੱਗੇ ਸਨ ਤਾਂ ਸਿਨੇਮਾ ਹਾਲ ਵਿਚ ਫ਼ਿਲਮ 'ਤੇ ਪੈਸੇ ਖਰਚਣੇ ਉਸ ਨੂੰ ਔਖੇ ਜਿਹੇ ਲੱਗਦੇ ਸਨ।

ਜਦੋਂ ਵੀ ਉਹ ਪੜ੍ਹਾਈ ਲਿਖਾਈ ਜਾਂ ਹੋਰ ਕੰਮਾਂ ਤੋਂ ਵੇਹਲਾ ਹੁੰਦਾ ਤਾਂ ਟੀ.ਵੀ. ਦੇ ਸਿਰਹਾਣੇ ਬੈਠ ਜਾਂਦਾ। ਅੱਜ ਵੀ ਉਹ ਕੋਈ ਫ਼ਿਲਮ ਦੇਖ ਰਿਹਾ ਸੀ। ਫ਼ਿਲਮ ਫਿਲਮ ਨਗਰੀ ਨਾਲ ਸਬੰਧਤ ਸੀ।

ਇਕ ਕਾਲਜ ਬੱਸ ਦੇ ਬਰੇਕ ਫੇਲ੍ਹ ਹੋ ਜਾਂਦੇ ਹਨ। ਬੱਸ ਵਿਚ ਕਾਲਜ ਦੇ ਵਿਦਿਆਰਥੀ ਤੇ ਵਿਦਿਆਰਥਣਾਂ ਸਵਾਰ ਹਨ।

ਫਿਲਮ ਦਾ ਹੀਰੋ ਜਦੋਂ ਇਹ ਦੇਖਦਾ ਹੈ ਤਾਂ ਉਹ ਹਰਕਤ ਵਿੱਚ ਆਉਂਦਾ ਹੈ। ਉਹ ਸ਼ਕਤੀਮਾਨ ਦਾ ਰੂਪ ਧਾਰਣ ਕਰ ਲੈਂਦਾ ਹੈ। ਉਥੇ ਹੀ ਖੜ੍ਹੇ ਇਕ ਘੋੜੇ 'ਤੇ ਸਵਾਰ ਹੋ ਕੇ

ਘੋੜਾ ਤੇਜ਼ੀ ਨਾਲ ਦੁੜਾਉਂਦਾ ਹੋਇਆ ਬੱਸ ਕੋਲ ਪਹੁੰਚਦਾ ਹੈ।

ਬੱਸ ਵਿਚ ਸਵਾਰ ਵਿਦਿਆਰਥੀ ਚੀਕਦੇ ਚਿਲਾਉਂਦੇ ਹਨ। ਬੱਸ ਵਿਚ ਸਵਾਰ ਹੀਰੋਇਨ ਬੁਰੀ ਤਰ੍ਹਾਂ ਘਬਰਾ ਜਾਂਦੀ ਹੈ। ਦ੍ਰਿਸ਼ ਦੇਖਕੇ ਰੁਪਿੰਦਰ ਵੀ ਡਰ ਤੇ ਘਬਰਾ ਜਾਂਦਾ ਹੈ। ਉਹ ਸਾਹ ਰੋਕ ਕੇ ਸੀਨ ਨੂੰ ਦੇਖਦਾ ਲੱਗਦਾ ਹੈ।

"ਤੁਮ ਘਬਰਾਓ ਮੱਤ ਮੈਂਇਸ ਬੱਸ ਕੋ ਬਚਾ ਲੂੰਗਾ। ਫਿਕਰ ਮੱਤ ਕਰਨਾ ਮੈਂ ਪੀਛੇ ਪੀਛੇ ਘੋੜੇ ਪਰ ਸਵਾਰ ਹੋਕਰ ਆ ਰਹਾ ਹੂੰ, ਤੁਝੇ ਬਚਾਨੇ ਕੇ ਲੀਏ ਮੇਰੀ ਜਾਨ!"

ਹੀਰੋ ਦੇ ਦਿਲ ਦੀ ਆਵਾਜ਼ ਹੈ। ਲੱਗਦਾ ਇਵੇਂ ਹੈ ਜਿਵੇਂ ਰੁਪਿੰਦਰ ਖੁਦ ਹੀਰੋ ਬਣ ਗਿਆ ਹੋਵੇ।

"ਘਬਰਾ ਨਾ ਮੈਂ ਪੀਛੇ ਪੀਛੇ ਘੋੜੇ 'ਤੇ ਸਵਾਰ ਹੋ ਕੇ ਆ ਰਿਹੈਂ।"

ਘੋੜਾ ਹੁਣ ਜਿਵੇਂ ਹਵਾ ਨਾਲ ਗੱਲਾ ਕਰਨ ਲੱਗਦਾ ਹੈ। ਬੱਸ ਜਦੋਂ ਦਰੱਖਤ ਨਾਲ ਟਕਰਾਕੇ ਖਾਈ ਵਿੱਚ ਡਿੱਗਣ ਲੱਗਦੀ ਹੈ ਤਾਂ ਇਕ ਦਮ ਜ਼ੋਰਾਵਰ ਹੀਰੋ ਬੱਸ ਦੇ ਮੂਹਰੇ ਆ ਕੇ ਖੜ੍ਹ ਜਾਂਦਾ ਹੈ ਤੇ ਬੱਸ ਨੂੰ ਹਾਦਸਾ ਹੋਣ ਤੋਂ ਬਚਾ ਲੈਂਦਾ ਹੈ ਪਰੰਤੂ ਆਪ ਉਹ ਇਕ ਖੱਡੇ ਵਿੱਚ ਡਿੱਗ ਜਾਂਦਾ ਹੈ, ਲਹੂ ਲੁਹਾਨ ਹੋ ਜਾਂਦਾ ਹੈ।

"ਇਸਦੀਆਂ ਹੁਣ ਦੋਨੋਂ ਟੰਗਾਂ ਕੱਟਣੀਆਂ ਪੈਣਗੀਆਂ ਨਹੀਂ ਤਾਂ ਇਸ ਦੀ ਮੌਤ ਹੋ ਸਕਦੀ ਹੈ।"

ਡਾਕਟਰ ਆਖਦੇ ਹਨ।

"ਨਹੀਂ!" ਰੁਪਿੰਦਰ ਬੇਚੈਨ ਹੋ ਕੇ ਚੀਕਦਾ ਹੈ। "ਪਲੀਜ਼ ਡਾਕਟਰ! ਮੇਰੀਆਂ ਟੰਗਾਂ ਨਾ ਕੱਟੋ, ਮੈਂ ਅਪਾਹਜ ਹੋ ਜਾਵਾਂਗਾ।" ਉਸ ਦੇ ਮੂੰਹੋਂ ਬੋਲ ਨਿਕਲਦੇ ਹਨ।

ਬਾਹਰ ਦਰਵਾਜ਼ੇ 'ਤੇ ਦਸਤਕ ਹੁੰਦੀ ਹੈ। ਉਹ ਉਠਕੇ ਦਰਵਾਜ਼ਾ ਖੋਲਦਾ ਹੈ, ਡਰਿਆ ਤੇ ਘਬਰਾਇਆ ਹੋਇਆ। ਪਰੰਤੂ ਬਾਹਰ ਤਾਂ ਕੋਈ ਨਹੀਂ। ਉਹ ਆਲੇ ਦੁਆਲੇ ਦੇਖਦਾ ਹੈ ਉਸ ਨੂੰ ਕੋਈ ਵੀ ਨਜ਼ਰ ਨਹੀਂ ਆਉਂਦਾ।

"ਜ਼ਰੂਰ ਕੋਈ ਬੱਚਾ ਸ਼ਰਾਰਤ ਕਰਕੇ ਗਿਆ ਹੋਵੇਗਾ।" ਉਸ ਦੇ ਅੰਦਰੋਂ ਆਵਾਜ਼ ਆਈ।

ਟੀ.ਵੀ. ਬੰਦ ਕਰਕੇ ਉਹ ਬੈਡ 'ਤੇ ਆ ਕੇ ਲੇਟ ਗਿਆ।

ਉਸ ਨੂੰ ਯਾਦ ਆਇਆ ਜਦੋਂ ਉਹ ਛੋਟਾ ਜਿੰਨਾ ਸੀ, ਛੁੱਟੀਆਂ 'ਚ ਆਪਣੇ ਨਾਨਕੇ ਜਾਇਆ ਕਰਦੀ ਸੀ ਤਾਂ ਉਹ ਹਮੇਸ਼ਾ ਆਪਣੀ ਨਾਨੀ ਨਾਲ ਸੌਣ ਦੀ ਜ਼ਿੱਦ ਕਰਦਾ ਸੀ। ਜਦੋਂ ਉਸ ਦੇ ਮਾਮਾ ਜਾਂ ਮਾਮੀ ਆਪਣੇ ਨਾਲ ਪੈਣ ਲਈ ਕਹਿੰਦੇ ਤਾਂ ਉਹ ਲਾਚੜਦਾ, "ਨਹੀਂ, ਮੈਂ ਨੀ ਥੋਡੇ ਨਾਲ ਸੌਂਦਾ, ਤੁਸੀਂ ਤਾਂ ਗੰਦੇ ਹੋ।"

ਉਸਨੂੰ ਆਪਣੀ ਨਾਨੀ ਨਾਲ ਹੀ ਸੌਣਾ ਪਸੰਦ ਸੀ ਤੇ ਹਮੇਸ਼ਾਂ ਉਹ ਆਪਣੀ ਨਾਨੀ



ਨਾਲ ਹੀ ਸੌਣ ਦੀ ਕੋਸ਼ਿਸ਼ ਕਰਦਾ। ਆਪਣੀ ਨਾਨੀ ਦੇ ਪੱਟਾਂ 'ਤੇ ਆਪਣੀ ਲੱਤ ਰੱਖਕੇ ਸੌਂਦਾ ਤਾਂ ਉਸ ਨੂੰ ਬਹੁਤ ਅਰਾਮ ਤੇ ਸਕੂਨ ਮਿਲਦਾ।

ਨਾਨੀ ਉਸ ਨੂੰ ਕਹਾਣੀਆਂ ਸੁਣਾਉਂਦੀ। ਰਾਜੇ ਰਾਣੀ ਦੀ ਕਹਾਣੀ। ਦਿਓਆਂ ਤੇ ਰਾਕਸ਼ਸ਼ਾਂ ਦੀਆਂ ਕਹਾਣੀਆਂ। ਦੇਵਤਿਆਂ ਤੇ ਪਰੀਆਂ ਦੀਆਂ ਕਹਾਣੀਆਂ।

"ਨਾਨੀ ਜੀ! ਆਪਣੇ ਗੁਆਂਢ 'ਚ ਰਹਿੰਦੀ ਤੇਲੀਆਂ ਦੀ ਬਹੂ ਐਵੇਂ ਕਿਮੇ ਮਰ ਗਈ?"

"ਪੁੱਤ! ਉਹ ਮਰੀ ਨਹੀਂ ਉਸ ਨੇ ਆਤਮ ਹੱਤਿਆ ਕੀਤੀ ਹੈ।"

"ਇਹ ਆਤਮ ਹੱਤਿਆ ਕੀ ਹੁੰਦੀ ਐ ਨਾਨੀ ਜੀ?"

"ਆਤਮ ਹੱਤਿਆ? ਪੁੱਤ! ਜੋ ਬੰਦਾ ਆਪਣੀ ਜਾਨ ਆਪ ਲੈ ਲੈਂਦਾ ਹੈ ਉਸ ਨੂੰ ਆਤਮ ਹੱਤਿਆ ਕਹਿੰਦੇ ਨੇ।" ਨਾਨੀ ਸਮਝਾਉਂਦਿਆਂ ਉਸ ਨੂੰ ਥਾਪੜਕੇ ਸੁਆਉਣ ਦਾ ਯਤਨ ਕਰਦੀ।

ਉਹ ਅੱਧ ਮੀਟੀਆਂ ਅੱਖਾਂ ਨਾਲ ਫੇਰ ਕਹਿਣ ਲੱਗਦਾ, "ਨਾਨੀ ਜੀ। ਮੈਨੂੰ ਕਦੇ ਕਦੇ ਤੇਲੀਆਂ ਦੀ ਬਹੂ ਸੁਪਨੇ 'ਚ ਡਰਾਉਣ ਲੱਗਦੀ ਹੈ। ਪਰ ਜਦੋਂ ਮੈਂ ਥੋਡੇ ਨਾਲ ਪਵਾਂ ਤਾਂ ਫੇਰ ਮੈਨੂੰ ਡਰ ਨੀ ਲੱਗਦਾ। ਕੋਈ ਮਾੜਾ ਸੁਪਨਾ ਨੀ ਔਂਦਾ।"

ਨਾਨੀ ਹੱਸਕੇ ਉਸ ਦੀਆਂ ਗੱਲ੍ਹਾਂ ਚੁੰਮ ਲੈਂਦੀ।

ਪਰੰਤੂ ਜਦੋਂ ਨਾਨੀ ਮਰੀ ਤਾਂ ਉਸ ਦੇ ਸਰੀਰ ਨੂੰ ਰਾਤ ਭਰ ਲਈ ਘਰ ਵਿੱਚ ਹੀ ਰੱਖਿਆ ਗਿਆ। ਉਨ੍ਹਾਂ ਦਾ ਘਰ ਨਾਨਕਾ ਪਿੰਡ ਦੇ ਨੇੜੇ ਹੋਣ ਕਰਕੇ ਉਹ ਆਪਣੇ ਮਾਂ ਬਾਪ ਨਾਲ ਜਲਦੀ ਹੀ ਪਿੰਡ 'ਚ ਪਹੁੰਚ ਗਏ। ਦੂਸਰੇ ਰਿਸ਼ਤੇਦਾਰਾਂ ਤੇ ਸਕੇ ਸੰਬੰਧੀਆਂ ਦੀ ਉਡੀਕ ਕਰਨੀ ਜ਼ਰੂਰੀ ਸੀ।

ਉਸ ਨੂੰ ਉਸ ਰਾਤ ਬਹੁਤ ਡਰ ਲੱਗਿਆ। ਉਹ ਉਸ ਕਮਰੇ ਵਿਚ ਜਾਣਾ ਤਾਂ ਦੂਰ ਉਸ ਕਮਰੇ ਵੱਲ ਵੀ ਜਾਣ ਦੀ ਹਿੰਮਤ ਨਹੀਂ ਸੀ ਕਰ ਸਕਿਆ। ਸਾਰੀ ਰਾਤ ਉਸ ਨੇ ਆਪਣੀ ਅੱਖਾਂ ਵਿੱਚ ਲੰਘਾਈ।

ਨਾਨੀ ਨੂੰ ਪਿੰਡ ਦੀਆਂ ਮੜ੍ਹੀਆਂ 'ਚ ਜਾ ਕੇ ਫੂਕ ਦਿੱਤਾ ਗਿਆ। ਪਰ ਉਸ ਨੂੰ ਕਈ ਦਿਨ ਡਰ ਲੱਗਦਾ ਰਿਹਾ। ਉਹ ਨਾਨੀ ਜੋ ਉਸ ਨੂੰ ਅੰਤਾਂ ਦਾ ਪਿਆਰ ਕਰਦੀ ਸੀ ਤੇ ਜਿਸ ਨਾਲ ਉਹ ਰਾਤ ਨੂੰ ਪੈਣ ਦੀ ਜ਼ਿੱਦ ਕਰਦਾ ਹੁੰਦਾ ਸੀ ਤੇ ਉਸ ਦੇ ਪੱਟਾਂ 'ਤੇ ਟੰਗਾਂ ਰੱਖਕੇ ਉਸ ਨੂੰ ਆਰਾਮ ਤੇ ਸਕੂਨ ਮਿਲਦਾ ਸੀ, ਉਸੇ ਨਾਨੀ ਨੂੰ ਖਿਆਲਾਂ ਵਿਚ ਚਿਤਵ ਕੇ ਉਹ ਡਰ ਜਾਂਦਾ।

ਉਹ ਨਾਨੀ ਜੋ ਉਸ ਨੂੰ ਛੋਟੇ ਹੁੰਦੇ ਨੂੰ ਆਪਣੇ ਪੈਰਾਂ ਤੇ ਬਿਠਾਕੇ ਝੂਟੇ ਮਾਟੇ ਦਿੰਦੀ ਹੁੰਦੀ ਸੀ ਉਸ ਨੂੰ ਉਹ ਕਈ ਵਾਰ ਆਪਣੇ ਸੁਪਨਿਆਂ 'ਚ ਭੂਤ ਬਣੀ ਨਜ਼ਰ ਆਈ ਸੀ।

ਹੁਣ ਉਹਨੂੰ ਕਈ ਵਾਰ ਜਾਪਦਾ ਜਿਵੇਂ ਉਸ ਦੀ ਨਾਨੀ ਭੂਤ ਬਣਕੇ ਉਸ ਦੇ ਮੋਢਿਆਂ 'ਤੇ ਸੁਆਰ ਹੋ ਗਈ ਹੋਵੇ।

ਰੁਪਿੰਦਰ ਡਰ ਨਾਲ ਕੰਬਣ ਲੱਗਦਾ। ਭੈਅ ਨਾਲ ਉਸ ਦੇ ਮੱਥੇ 'ਤੇ ਪਸੀਨੇ ਆਉਣ ਲੱਗਦੇ। ਉਹ ਸਤਿਨਾਮ ਵਾਹਿਗੁਰੂ ਤੇ ਰਾਮ ਰਾਮ ਕਹਿਣ ਲੱਗਦਾ। ਕਾਲੀ ਦੇਵੀ ਦਾ ਜਾਪ ਵੀ ਕਰ ਜਾਂਦਾ।

ਪਰੰਤੂ ਨਾਨੀ ਭੂਤ ਬਣਕੇ ਭਿਆਨਕ ਸ਼ਕਲ ਅਖਤਿਆਰ ਕਰ ਲੈਂਦੀ। ਵੱਡੇ ਵੱਡੇ ਨੌਂਹ, ਲੰਮੇ ਲੰਮੇ ਕਾਲੇ ਕਾਲੇ ਵਾਲ, ਵੱਡੀ ਕਾਲ ਜੀਭ ਬਾਹਰ ਵੱਲ ਨੂੰ ਨਿਕਲੀ ਹੋਈ। ਸਿਰ 'ਤੇ ਸਿੰਗ।

ਉਹ ਰੋਣ ਦਾ ਯਤਨ ਕਰਦਾ ਪਰ ਰੋਣ ਸੰਘ ਵਿਚ ਹੀ ਅੜਕੇ ਰਹਿ ਜਾਂਦਾ।

"ਮੈਨੂੰ ਸ਼ਕਤੀ ਦਿਓ ਮੇਰੇ ਬੱਚਾ!" ਭੂਤ ਬਣੀ ਨਾਨੀ ਉਸ ਨੂੰ ਵਿਚਾਰਿਆਂ ਵਾਂਗ ਕਹਿੰਦੀ, "ਮੈਨੂੰ ਮੁਕਤੀ ਦਿਓ ਮੇਰੇ ਲਾਲ!" (ਚਲਦਾ)

□□□

# ਪੰਜਾਬੀ ਸੱਭਿਆਚਾਰ : ਮੂਲ ਪਛਾਣ

**ਡਾ. ਜਗੀਰ ਸਿੰਘ ਨੂਰ**

**98142-09732**



ਸਭਿਆਚਾਰ ਕਿਸੇ ਖਿੱਤੇ, ਕੌਮ ਜਾਂ ਜਾਤੀ-ਸਮੂਹ ਦਾ ਜੀਵੰਤ ਵਰਤਾਰਾ ਹੈ। ਇਹ ਸਭਿਅਕ ਮਨੁੱਖਾਂ ਦੀ ਬਾਹਰੀ ਅਤੇ ਅੰਦਰੂਨੀ ਸਮਰੱਥਾ, ਉਸਾਰੂ ਸ਼ਕਤੀ ਅਤੇ ਮਨੁੱਖ ਦੀਆਂ ਬਹੁ-ਮੁਖੀ ਸੰਭਾਵਨਾਵਾਂ ਦਾ ਚਿੱਤਰਪਟ ਵੀ ਹੈ। ਮਿਥਿਹਾਸਕ, ਇਤਿਹਾਸਕ, ਭੂਗੋਲਿਕ, ਸਮਾਜਿਕ, ਰਾਜਨੀਤਕ, ਪ੍ਰਸ਼ਾਸਨਿਕ, ਧਾਰਮਿਕ, ਨੈਤਿਕ, ਪਦਾਰਥਕ, ਵਿਗਿਆਨਕ ਅਤੇ ਸੂਚਨਾ-ਤਕਨਾਲੋਜੀ ਨਾਲ ਜੁੜੀਆਂਹੋਈਆਂ ਸਥਿਤੀਆਂ ਅਤੇ ਪ੍ਰਸਥਿਤੀਆਂ ਆਦਿ, ਇਸ ਨੂੰ ਸਮੇਂ-ਸਮੇਂ ਪ੍ਰਭਾਵਿਤ ਕਰਦੀਆਂ ਰਹਿੰਦੀਆਂ ਹਨ। ਇਨ੍ਹਾਂ ਸਰੋਕਾਰਾਂ ਵਿਚ ਵਾਪਰਨ ਵਾਲੀਆਂ ਤਬਦੀਲੀਆਂ ਚਾਹੇ ਉਹ ਸਹਿਜ ਰੂਪ 'ਚ ਪ੍ਰਗਟ ਹੋ ਜਾਂਦੀਆਂ ਜਾਂ ਵਾਪਰ ਜਾਂਦੀਆਂ ਹਨ ਜਾਂ ਬਾਹਰੀ ਪ੍ਰਭਾਵਾਂ ਸਦਕਾ ਪ੍ਰਵੇਸ਼ ਕਰ ਜਾਂਦੀਆਂ ਹਨ, ਸਭ ਰਲ਼ ਕੇ ਕਿਸੇ ਖਿੱਤੇ ਵਿਸ਼ੇਸ਼ ਜਾਂ ਕੌਮ ਦੇ ਲੋਕਾਂ ਦੀ ਜੀਵਨ-ਸ਼ੈਲੀ 'ਚ ਸਮਾਂ-ਵਿਕਾਸ ਨਾਲ ਤਬਦੀਲੀਆਂ ਲੈ ਆਉਂਦੀਆਂ ਹਨ।

ਪੰਜਾਬੀ ਸਭਿਆਚਾਰ ਸੰਪੂਰਨ, ਬਹੁ-ਪੱਖੀ ਗੁਣਾਂ ਭਰਪੂਰ ਅਤੇ ਜੀਵੰਤ ਸਭਿਆਚਾਰ ਹੈ। ਇਸ ਦੇ ਨਿਰਮਾਣ ਕਰਨ ਲਈ ਇਲਾਕਾਈ ਭੂਗੋਲ, ਸੌਰ-ਮੰਡਲ, ਨਦੀਆਂ-ਦਰਿਆ,



ਪਹਾੜਾਂ-ਮੈਦਾਨਾਂ, ਟਿੱਬਿਆਂ-ਨਿਵਾਣਾਂ ਆਦਿ ਨੇ ਖ਼ੂਬ ਭੂਮਿਕਾ ਨਿਭਾਈ ਹੈ। ਇਤਿਹਾਸਕ ਪੱਖੋਂ ਖੋਜੀਆਂ ਨੇ ਪੰਜਾਬ ਦੀ ਧਰਤੀ ਨੂੰ ਪਹਿਲ-ਪਹਿਲੇ ਮਨੁੱਖ ਦੀ ਜਨਮ-ਭੌਂ ਦੱਸਿਆ ਹੈ। 1952 ਈਸਵੀ ਵਿਚ ਗਵਾਲੀਅਰ ਵਿਖੇ ਹੋਈ 'ਭਾਰਤੀ-ਇਤਿਹਾਸ ਕਾਂਗਰਸ' ਵਿਚ ਪ੍ਰਧਾਨਗੀ ਕਰ ਰਹੇ ਡਾ. ਰਾਧਾ ਕਮੁਦ ਮੁਖਰਜੀ ਨੇ ਬੜੇ ਸਪਸ਼ਟ ਸ਼ਬਦਾਂ ਵਿਚ ਕਿਹਾ ਸੀ ਕਿ- "ਆਦਿ ਮਨੁੱਖ ਪੰਜਾਬ ਅਤੇ ਸ਼ਿਵਾਲਿਕ ਦੀ ਉੱਚੀ ਭੂਮੀ ਉਤੇ ਵਿਕਸਿਤ ਹੋਇਆ ਹੋਵੇਗਾ, ਇਸ ਗੱਲ ਦੇ ਪ੍ਰਮਾਣ ਮਿਲੇਦ ਹਨ।" ਉਸ ਅਨੁਸਾਰ ਪੰਜਾਬ ਵਿਚ ਹਿਮਾਲਿਆ ਨੇੜੇ ਮਨੁੱਖ ਦਾ ਆਦਿ-ਜਨਮ, ਫਿਰ ਸਿੰਧੂ ਦੀ ਤਰਾਈ ਵਿਚ ਖੇਤੀ ਸਭਿਅਤਾ ਦਾ ਵਿਕਾਸ ਹੋਣਾ ਅਤੇ ਸਿੰਧੂ ਦੇ ਪਠਾਰ ਵਿਚ ਭਾਰਤ ਦੀ ਪ੍ਰਾਚੀਨ ਸਭਿਅਤਾ ਦਾ ਅਵਸ਼ੇਸ਼ ਮਿਲਣਾ, ਇਹ ਸਾਰੀਆਂ ਗੱਲਾਂ ਆਪਸ ਵਿਚ ਇਕ ਦੂਸਰੇ ਨੂੰ ਪੁਸ਼ਟ ਕਰਨ ਵਾਲੀਆਂ ਹਨ ਅਤੇ ਇਸ ਵਿਚ ਹੈਰਾਨੀ ਵਾਲੀ ਕੋਈ ਗੱਲ ਨਹੀਂ। ਰਾਬਿੰਦਰ ਨਾਥ ਟੈਗੋਰ ਨੇ ਵੀ ਪੰਜਾਬ ਦੀ ਧਰਤੀ ਨੂੰ ਭਾਰਤੀ ਸਭਿਆਚਾਰ ਦਾ ਪੰਘੂੜਾ ਕਿਹਾ ਸੀ। ਅਜਿਹੇ ਅਨੇਕਾਂ ਹੋਰ ਵਿਦਵਾਨਾਂ ਦੇ ਕਥਨ ਹਨ, ਜਿਨ੍ਹਾਂ ਤੋਂ ਸਪੱਸ਼ਟ ਭਾਂਤ ਪ੍ਰਗਟ ਹੋ ਜਾਂਦਾ ਹੈ ਕਿ ਪੰਜਾਬੀ ਸੱਭਿਆਚਾਰ ਪੁਰਾਤਨ ਸਭਿਆਚਾਰ ਹੈ, ਜੋ ਪੀੜ੍ਹੀ ਦਰ ਪੀੜ੍ਹੀ ਸਾਮਿਅਕ ਵਕਤ ਦੀਆਂ ਪ੍ਰਸਥਿਤੀਆਂ ਤੋਂ ਪੈਦਾ ਹੋਏ ਪ੍ਰਭਾਵਾਂ ਨੂੰ ਗ੍ਰਹਿਣ ਕਰਦਾ ਰਿਹਾ ਹੈ ਅਤੇ ਸਮੂਹ ਪੰਜਾਬੀ ਲੋਕ ਆਰੰਭਕ ਸਮਿਆਂ ਤੋਂ ਹੀ ਇਸ ਦਾ ਕੇਂਦਰ ਬਿੰਦੂ ਰਹੇ ਹਨ।

ਵਰਤਮਾਨ ਸਮੇਂ ਤੱਕ ਪੰਜਾਬੀ ਸਭਿਆਚਾਰ ਅਨੇਕਾਂ ਕਾਲ-ਖੰਡਾਂ, ਅਨੇਕਾਂ ਪ੍ਰਸਥਿਤੀਆਂ ਅਤੇ ਵਰਤਾਰਿਆਂ ਥਾਣੀਂ ਲੰਘ ਚੁੱਕਾ ਹੈ। ਇਸੇ ਕਰਕੇ ਇਸ ਸਭਿਆਚਾਰ ਦਾ ਰਚਨਾ-ਵਿਧਾਨ ਮਿਸ਼ਰਤ ਵੀ ਹੋ ਗਿਆ ਹੈ ਅਤੇ ਸੰਗਠਿਤ ਵੀ ਰਿਹਾ ਹੈ। ਇਸ ਦਾ ਕਾਰਣ ਇਹ ਹੈ ਕਿ ਇਹ ਜਾਤਾਂ, ਫਿਰਕਿਆਂ, ਕਬੀਲਿਆਂ, ਭਾਸ਼ਾਈ-ਪਰਿਵਾਰਾਂ ਅਤੇ ਵਿਦੇਸ਼ੀ ਸਭਿਆਚਾਰ ਦੇ ਸਮਾਵੇਸ਼ ਤੋਂ ਉਭਰਿਆ ਹੈ। ਨੀਗਰੋ, ਨਿਸ਼ਧ,ਦਰਾਵੜ, ਆਰੀਆ, ਯੂਨਾਨੀ, ਸਿਥੀਅਨ, ਮੋਰੀਆ, ਪਾਰਥੀਅਨ, ਸ਼ਕ, ਕੁਸ਼ਾਣ, ਹੂਣ, ਵਰਧਨ, ਤੋਮਰ, ਗਜ਼ਨਵੀ, ਗੌਰੀ,ਖਿਲਜ਼ੀ, ਤੁਗਲ਼ਕ , ਲੋਧੀ, ਪੁਰਤਗਾਲੀ, ਡੱਚ, ਫਰਾਂਸੀਸੀ ਅਤੇ ਅੰਗਰੇਜ਼ ਲੋਕਾਂ ਨੇ ਵੱਖ-ਵੱਖ ਇਤਿਹਾਸਕ ਕਾਲ ਖੰਡਾਂ ਵਿਚ ਪੰਜਾਬ ਵਿਚ ਪ੍ਰਵੇਸ਼ ਕੀਤਾ, ਇਥੇ ਵੱਸੇ ਅਤੇ ਆਪੋ-ਆਪਣੇ ਜ਼ੋਰ ਨਾਲ ਜਿੱਥੇ ਇਨ੍ਹਾਂ ਸਭਨਾਂ ਨੇ ਇਥੋਂ ਦਾ ਰੰਗ ਗ੍ਰਹਿਣ ਕੀਤਾ, ਉਥੇ ਉਨ੍ਹਾਂ ਨੇ ਇਥੇ ਆਪਣੇ ਵਿਭਿੰਨ ਰੰਗਾਂ ਦਾ ਪ੍ਰਭਾਵ ਵੀ ਛੱਡਿਆ। ਇਸੇ ਤਰ੍ਹਾਂ ਇਨ੍ਹਾਂ ਲੋਕਾਂ ਦੇ ਧਰਮਾਂ-ਕਰਮਾਂ ਨੇ ਇਥੋਂ ਦੀਆਂ ਜਨ-ਜਾਤੀਆਂ ਨੂੰ ਪ੍ਰਭਾਵਿਤ ਕੀਤਾ। ਮੁਗ਼ਲ-ਕਾਲ-ਦੌਰਾਨ, ਸਿੱਖ-ਗੁਰੂ ਸਾਹਿਬਾਂ ਦੀ ਲਾਸਾਨੀ ਦੇਣ ਸਦਕਾ ਪੰਜਾਬੀਅਤ ਦਾ ਅਸਲ ਸਰੂਪ ਸਾਹਮਣੇ ਆਇਆ, ਜੋ ਸਮੁੱਚੀ ਪੰਜਾਬੀ ਸਭਿਆਚਾਰ ਲਈ ਗੌਰਵ ਦਾ ਚਿੰਨ੍ਹ ਹੈ।

ਅਨੇਕਾਂ ਬਦਲਾਵਾਂ ਦੇ ਬਾਵਜੂਦ ਪੰਜਾਬੀ ਸਭਿਆਚਾਰ ਦੀ ਮੂਲ ਪਛਾਣ ਅਤੇ ਵਰਤਾਰਾ ਸਜੀਵ ਹੈ। ਇਸ ਨੂੰ ਕਿਸੇ ਖ਼ਾਸ ਵਿਅਕਤੀਆਂ ਦੇ ਸਮੂਹ ਜਾਂ ਦੇਸ਼ ਦੀਆਂ ਹੱਦਾਂ ਤੱਕ ਸੀਮਿਤ ਨਹੀਂ ਰਖਿਆ ਜਾ ਸਕਦਾ ਹੈ। ਸੰਸਾਰ ਦੇ ਲਗਭਗ ਸਵਾ ਸੌ ਤੋਂ ਬਹੁਤੇ ਦੇਸ਼ਾਂ ਵਿਚ ਪੰਜਾਬੀ ਲੋਕ ਆਪਣੀ ਪਛਾਣ ਸਹਿਤ ਵੱਸ ਰਹੇ ਹਨ। ਨਿਰਸੰਦੇਹ, ਪੰਜਾਬੀ ਸਭਿਆਚਾਰ ਵਿਸ਼ਾਲ ਸਭਿਆਚਾਰ ਹੈ।

ਪੰਜਾਬੀ ਸਭਿਆਚਾਰ ਦੇ ਮੁਹਾਂਦਰੇ ਨੂੰ ਦਰਸਾਉਣ ਵਾਲੀਆਂ ਹੋਰ ਵਿਸ਼ੇਸ਼ਤਾਵਾਂ ਵੀ ਹਨ, ਜਿਨ੍ਹਾਂ ਬਾਬਤ ਅਸੀਂ ਗੱਲ ਇਥੋਂ ਸ਼ੁਰੂ ਕਰ ਸਕਦੇ ਹਾਂ ਕਿ ਅਜੋਕੇ ਪੰਜਾਬ ਦਾ ਖੇਤਰ ਹੀ ਪੰਜਾਬੀਆਂ ਦਾ ਸਮੁੱਚਾ ਖੇਤਰ ਨਹੀਂ ਹੈ। ਦੁਨੀਆਂ ਦੇ ਹਰ ਕੋਨੇ ਵਿਚ ਪੰਜਾਬੀ ਲੋਕ ਵੱਸ ਰਹੇ ਹਨ ਅਤੇ ਪੰਜਾਬੀਅਤ ਦੀ ਪਛਾਣ ਬਣੇ ਹੋਏ ਹਨ।

ਹਿੰਦੁਸਤਾਨ ਅਤੇ ਪਾਕਿਸਤਾਨ ਦੀ 1947 ਦੀ ਵੰਡ ਸਦਕਾ ਜਿੰਨੀ ਸੱਟ ਪੰਜਾਬ ਅਤੇ ਬੰਗਾਲ ਨੂੰ ਵੱਜੀ ਉਤਨੀ ਹੋਰ ਖਿੱਤਿਆਂ ਦੇ ਲੋਕਾਂ ਨੂੰ ਨਹੀਂ। ਪਰੰਤੂ ਪੰਜਾਬ ਨੂੰ ਤਾਂ ਕਈ ਤਰੀਕਿਆਂ ਨਾਲ ਛਾਂਗਿਆ ਗਿਆ। ਪਹਿਲਾਂ ਪੰਜਾਬ ਦਾ ਅੱਧਾ ਭਾਗ ਭਾਵ ਢਾਈ ਦਰਿਆਵਾਂ (ਪੂਰਾ ਜਿਹਲਮ, ਪੂਰਾ ਝਨਾਅ ਅਤੇ ਅੱਧਿਓਂ ਵੱਧ ਰਾਵੀ) ਦਾ ਖੇਤਰ ਪੱਛਮੀ ਪਾਕਿਸਤਾਨ ਵਿਚ ਰਹਿ ਗਿਆ। ਬਾਕੀ ਬਚਦੇ ਪੰਜਾਬ ਵਿਚੋਂ ਪਹਿਲਾਂ ਹਿਮਾਚਲ ਨੂੰ ਕੁਝਭਾਗ ਦੇ ਦਿੱਤਾ ਗਿਆ ਅਤੇ ਫਿਰ ਹਰਿਆਣਾ ਬਣਾ ਦਿੱਤਾ ਗਿਆ। ਇਸ ਤਰ੍ਹਾਂ ਦੀਆਂ ਵੰਡੀਆਂ ਨੇ ਪੰਜਾਬ ਦੀ ਭੂਮੀ-ਖੇਤਰ ਨੂੰ ਭਾਵੇਂ ਸੌੜਿਆਂ ਕਰ ਦਿੱਤਾ ਹੈ, ਪਰੰਤੂ ਪੰਜਾਬੀ ਸਭਿਆਚਾਰ ਜਿਉਂ ਦਾ ਤਿਉਂ ਵਿਗਸ ਰਿਹਾ ਹੈ, ਪ੍ਰਗਤੀ ਕਰ ਰਿਹਾ ਹੈ ਅਤੇ ਆਪਣੀ ਵੱਖਰੀ ਨੁਹਾਰ ਸਥਾਪਤ ਕਰ ਰਿਹਾ ਹੈ।

ਦੋਹਾਂ ਪੰਜਾਬਾਂ ਦੇ ਵੀ ਅੱਗੋਂ ਕਈ ਉਪ..... ਭਾਗ ਹਨ ਅਤੇ ਇਨ੍ਹਾਂ ਦੇ ਸੁਤੰਤਰ ਨਾਮ ਵੀ ਹਨ, ਜਿਵੇਂ ਪਾਕਿਸਤਾਨ ਵਾਲੇ ਪੰਜਾਬ ਵਿਚ ਬਾਰਾਂ (ਸਾਂਦਲ, ਰਾਵੀ-ਨੀਲੀ ਅਤੇ ਗੰਜੀ) ਦਾ ਇਲਾਕਾ, ਪੋਠੋਹਾਰ, ਲਹਿੰਦਾ ਪੰਜਾਬ ਆਦਿ। ਇਧਰੇ ਪੰਜਾਬ ਦੇ ਮੁੱਖ ਭਾਗ- ਮਾਝਾ, ਦੁਆਬਾ, ਮਾਲਵਾ, ਪੁਆਧ, ਕੰਢੀ ਆਦਿ ਹਨ। ਪੁਆਧ ਦਾ ਵਧੇਰੇ ਹਿੱਸਾ ਹਰਿਆਣਾ ਅਤੇ ਕੇਂਦਰ ਸ਼ਾਸਿਤ ਚੰਡੀਗੜ੍ਹ ਵਿਚ ਚਲਾ ਗਿਆ ਹੈ। ਇਨ੍ਹਾਂ ਸਾਰੇ ਉਪ-ਖੇਤਰਾਂ ਵਿਚ ਭਾਸ਼ਾਈ ਅਤੇ ਸਮਾਜਕ ਵਰਤਾਰੇ ਦੇ ਸੰਦਰਭਾਂ ਵਿਚ ਕੁਝ ਕੁਝ ਭਿੰਨਤਾ ਪਾਈ ਜਾਂਦੀ ਹੈ, ਜਿਵੇਂ, ਕਿਹਾ ਜਾਂਦਾ ਹੈਕਿ ਬਾਰ੍ਹੀਂ ਕੋਹੀਂ ਭਾਸ਼ਾ ਆਪਣਾ ਕੁਝ ਕੁ ਰੂਪ ਬਦਲ ਲੈਂਦੀ ਹੈ, ਫਿਰ ਵੀ ਇਨ੍ਹਾਂ ਸਾਰੇ ਉਪ-ਖੇਤਰਾਂ ਦੀ ਸਭਿਆਚਾਰਕ ਆਤਮਾ ਇਕ ਹੈ ਅਤੇ ਇਹ ਸਭ ਲੋਕ ਪੰਜਾਬੀ ਹੋਣ ਦਾ ਮਾਣ ਮਹਿਸੂਸ ਕਰਦੇ ਹਨ। (ਚਲਦਾ)

**ਏ-9, ਚਾਹਲ ਨਗਰ**

**ਫਗਵਾੜਾ-144401 (ਕਪੂਰਥਲਾ)**

□□□



# ਜਿਨਸੀ ਸੰਬੰਧ ਅਤੇ ਸਾਹਿਤ ਵਿੱਚ ਇਸ ਦਾ ਪ੍ਰਗਟਾਅ

**ਕੁਲਜੀਤ ਕੌਰ**

ਜੀਵਨ ਦੀ ਗਤੀਸ਼ੀਲਤਾ ਵਿੱਚ ਮਨੁੱਖ ਦੇ ਜਿਨਸੀ-ਵਿਹਾਰ ਨੂੰ ਮਹੱਤਵਪੂਰਣ ਸਥਾਨ ਪ੍ਰਾਪਤ ਹੈ। ਔਰਤ ਅਤੇ ਮਰਦ ਵਿੱਚ ਇਹ ਇਕ ਦੁਵੱਲਾ ਅਜਿਹਾ ਸਹਿਜ ਆਕਰਸ਼ਣ ਹੈ ਜੋ ਸਮੁੱਚੇ ਮਨੁੱਖੀ ਵਿਹਾਰ ਨੂੰ ਸੰਚਾਲਿਕ ਅਤੇ ਨਿਰਧਾਰਿਤ ਕਰਦਾ ਹੈ। ਹੋਰ ਮੂਲ ਪ੍ਰਵਿਰਤੀਆਂ ਭੁੱਖ, ਤ੍ਰੇਹ ਵਾਂਗ ਕਾਮ (ਸੈਕਸ) ਵੀ ਮਨੁੱਖ ਦੀ ਇਕ ਸੁਭਾਵਿਕ ਲੋੜ ਹੈ। ਜੀਵਨ ਵਿਚ ਜਿਨਸੀ ਭਾਵਨਾਵਾਂ ਦਾ ਸੰਤੁਲਿਤ ਵਿਕਾਸ ਅਥਵਾ ਪੂਰਤੀ ਮਨੁੱਖੀ ਜ਼ਿੰਦਗੀ ਨੂੰ ਨਰੋਆਪਨ ਅਤੇ ਤੰਦਰੁਸਤੀ ਬਖਸ਼ਦੀ ਹੈ। ਜਦ ਕਿ ਇਸ ਦੀ ਅਪੂਰਤੀ ਅਤੇ ਦਮਨ (supression) ਮਨੁੱਖੀ ਸੰਤੁਲਨ ਨੂੰ ਵਿਗਾੜ ਦੇਂਦਾ ਹੈ। ਫਲਸਰੂਪ ਕਈ ਤਰ੍ਹਾਂ ਦੇ ਮਾਨਸਿਕ ਵਿਕਾਰਾਂ ਅਤੇ ਅਲਾਮਤਾਂ ਦਾ ਜਨਮ ਹੁੰਦਾ ਹੈ। ਜਿਨਸੀ ਵਿਹਾਰ ਦਾ ਆਧਾਰ ਮੁੱਖ ਤੌਰ ਤੇ ਦੋ ਗੱਲਾਂ ਨੂੰ ਮੰਨਿਆ ਜਾਂਦਾ ਹੈ। ਪਹਿਲੀ ਇਹ ਕਿ ਵਿਰੋਧੀ ਲਿੰਗਾਂ ਵਿਚ ਪਾਈ ਜਾਣ ਵਾਲੀ ਇਹ ਸੁਭਾਵਿਕ ਪ੍ਰਵਿਰਤੀ ਮਨੁੱਖ ਦੀ ਨਸਲ ਨੂੰ ਅੱਗੇ ਤੋਰਨ ਲਈ ਨਰ ਅਤੇ ਮਾਦਾ ਨੂੰ ਇਕ ਦੂਸਰੇ ਨਾਲ ਸਰੀਰਕ ਸੰਪਰਕ ਕਾਇਮ ਕਰਨ ਲਈ ਉਤੇਜਤ ਕਰਦੀ ਹੈ। ਇਹ ਸੰਪਰਕ ਦੂਸਰੀਆਂ ਜੀਵ ਜਾਤੀਆਂ ਵਾਂਗ ਹੀ ਆਪਣੀ ਵੰਸ਼ ਨੂੰ ਅੱਗੇ ਤੋਰਨ ਲਈ ਜ਼ਰੂਰੀ ਹੁੰਦੀ ਹੈ। ਜੀਵ ਵਿਗਿਆਨਕ ਦ੍ਰਿਸ਼ਟੀਕੋਣ ਤੋਂ 'ਕਾਮ ਵਿਹਾਰ' ਨੂੰ ਦੇਖਣ ਵਾਲੇ ਵਿਗਿਆਨੀ ਮਨੁੱਖ ਦੇ ਜਿਨਸੀ ਵਿਹਾਰ ਦੇ ਇਸੇ ਪ੍ਰਕਾਰਜ ਨੂੰ ਕੇਂਦਰੀ ਮਹੱਤਵ ਦੇਂਦੇ ਹਨ। ਜਿਨਸੀ ਵਿਹਾਰ ਦਾ ਦੂਸਰਾ ਪ੍ਰਕਾਰਜ ਵਿਰੋਧੀ-ਲਿੰਗਾਂ ਦੇ ਸੰਪਰਕ ਤੋਂ ਉਪਜਣ ਵਾਲੇ ਸਰੀਰਕ ਅਤੇ ਮਾਨਸਿਕ ਆਨੰਦ ਨੂੰ ਮੰਨਿਆ ਜਾਂਦਾ ਹੈ। ਇਸ ਪੱਖੋਂ ਮਨੋਵਿਗਿਆਨੀ ਮਨੁੱਖ ਦੇ ਜਿਨਸੀ-ਵਿਹਾਰ ਨੂੰ ਜੀਵਨ ਦੀ ਸੰਚਾਲਿਕ ਸ਼ਕਤੀ ਸਮਝਦੇ ਹਨ। ਫ਼ਰਾਇਡ ਅਤੇ ਉਸ ਦੇ ਉਤਰਾਧਿਕਾਰੀਆਂ ਨੇ ਕਾਮ ਦੇ ਕਾਰਜ ਖੇਤਰ ਨੂੰ ਏਨਾ ਵਿਆਪਕ ਕਰ ਦਿੱਤਾ ਹੈ ਕਿ ਮਨੁੱਖ ਦੇ ਸਮੁੱਚੇ ਵਿਹਾਰ ਦਾ ਮੂਲ ਆਧਾਰ ਕਾਮ ਨੂੰ ਸਮਝਿਆ ਜਾਣ ਲੱਗ ਪਿਆ ਹੈ। ਅਜਿਹੇ ਮਨੋਵਿਗਿਆਨੀ ਮਨੁੱਖ ਦੇ ਸਮੁੱਚੇ ਵਿਹਾਰ ਦੀ ਵਿਆਖਿਆ ਉਸ ਦੇ ਕਾਮ ਸੰਬੰਧੀ ਗੰਭੀਰ ਚਿੰਤਨ ਨੇ ਇਸ ਨੂੰ ਮਨੁੱਖੀ ਅਧਿਐਨ ਦਾ ਮਹੱਤਵਪੂਰਣ ਖੇਤਰ ਹੀ ਨਹੀਂ ਥਾਪ ਦਿੱਤਾ, ਸਗੋਂ ਇਸ ਸਬੰਧੀ ਪ੍ਰਚਲਿਤ ਪਰੰਪਰਾਗਤ ਧਾਰਨਾਵਾਂ 'ਤੇ ਵੀ ਡੂੰਘਾ ਅਸਰ ਪਾਇਆ ਹੈ। ਜਿਨਸੀ-ਵਿਹਾਰ ਸੰਬੰਧੀ ਚਰਚਾ ਅਨੈਤਿਕ ਅਤੇ ਪਾਪ ਵਾਲੀ ਗੱਲ ਸਮਝੀ ਜਾਂਦੀ ਹੈ। ਪਰੰਤੂ ਹੁਣ ਇਸ ਦੇ ਮਨੁੱਖੀ ਜੀਵਨ ਵਿਚ

ਮਹੱਤਵ ਨੂੰ ਸੀਵਕਾਰਦਿਆਂ ਇਸ ਦੀ ਵਿਧੀਗਤ ਸਿੱਖਿਆ ਅਤੇ ਜਾਣਕਾਰੀ ਤੇ ਜ਼ੋਰ ਦਿੱਤਾ ਜਾਣ ਲੱਗ ਪਿਆ ਹੈ। ਐਲਬਰਟ ਐਲੀਜ਼ ਅਨੁਸਾਰ "ਕਾਮ ਮਨੁੱਖੀ ਜੀਵਨ ਦੀ ਕੇਂਦਰੀ ਸਮੱਸਿਆ ਹੈ। ਇਹ ਜ਼ਿੰਦਗੀ ਦੀ ਜੜ੍ਹ ਹੈ ਅਤੇ ਅਸੀਂ ਉਦੋਂ ਤੱਕ ਜੀਵਨ ਨੂੰ ਸਹੀ ਤਰੀਕੇ ਨਾਲ ਨਹੀਂ ਜਾਣ ਸਕਦੇ ਜਦ ਤੱਕ ਸਾਨੂੰ ਇਹ ਮਾਲੂਮ ਨਹੀਂ ਕਿ ਕਾਮ ਨੂੰ ਕਿਵੇ ਸਮਝਣਾ ਹੈ।" ਸਕੋਫ ਫੀਲਡ ਅਨੁਸਾਰ "ਮਨੋਵਿਗਿਆਨ ਅਰਥਾਂ ਵਿੱਚ ਕਾਮ ਮਨੁੱਖੀ ਜੀਵਨ ਨੂੰ ਸੰਚਾਲਿਤ ਕਰਨ ਵਾਲੀ ਮੂਲ ਪ੍ਰਵਿਰਤੀ ਹੈ। ਫਰਾਇਡ ਨੇ ਕਾਮ ਨੂੰ ਬੜੇ ਵਿਸ਼ਾਲ ਅਰਥਾਂ ਵਿੱਚ ਬਿਆਨ ਕੀਤਾ ਹੈ। ਉਸ ਅਨੁਸਾਰ ਕਾਮ ਕੇਵਲ ਦੋ ਵਿਰੋਧੀ ਲਿੰਗਾਂ () ਵਿਚ ਬਣਿਆ ਸੰਬੰਧ ਹੀ ਨਹੀਂ ਸਗੋਂ ਇਸ ਦੇ ਅੰਤਰਗਤ ਉਹ ਸਾਰਾ ਮਨੁੱਖੀ ਵਿਹਾਰ ਆ ਜਾਂਦਾ ਹੈ, ਜਿਸ ਰਾਹੀਂ ਉਹ ਇਕ ਦੂਜੇ ਨਾਲ ਸਰੀਰਕ ਸੰਬੰਧ ਕਾਇਮ ਕਰਦੇ ਹਨ। ਫਰਾਇਡ ਅਨੁਸਾਰ ਮਨੁੱਖ ਵਿਚ ਦੋ ਮੂਲ ਪ੍ਰਵਿਰਤੀਆਂ ਹਨ। ਇਨ੍ਹਾਂ ਵਿਚੋਂ ਇਕ ਜੀਵਨ ਪ੍ਰਵਿਰਤੀ () ਹੈ ਜੋ ਫਰਾਇਡ ਅਨੁਸਾਰ ਉਨ੍ਹਾਂ ਸਾਰੀਆਂ ਸ਼ਕਤੀਆਂ ਦਾ ਸੋਮਾ ਹੈ ਜੋ ਮਨੁੱਖ ਨੂੰ ਕੁਝ ਸਿਰਜਣ ਅਤੇ ਆਪਣੀ ਨਸਲ ਨੂੰ ਸੁਰੱਖਿਅਤ ਰੱਖਣ ਲਈ ਪ੍ਰੇਰਿਤ ਕਰਦਾ ਹੈ। ਜੀਵਨ ਦੀ ਇਹ ਮੂਲ ਪ੍ਰਵਿਰਤੀ ਹੀ ਮਨੁੱਖ ਦੇ ਜਿਨਸੀ ਵਿਹਾਰ ਦਾ ਸਰੋਤ ਹੁੰਦੀ ਹੈ। ਕਾਮ ਨੂੰ ਵਿਸ਼ਾਲ ਅਰਥਾਂ ਵਿੱਚ ਬਿਆਨਦਿਆਂ ਫਰਾਇਡ ਸੈਕਸ ਲਈ ਲਿਬਡੋ ਸ਼ਬਦ ਨੂੰ ਵਰਤਦਾ ਹੈ। ਲਿਬਡੋ ਉਸ ਅਨੁਸਾਰ ਜ਼ਿੰਦਗੀ ਦੀ ਮੂਲਕ ਪ੍ਰਵਿਰਤੀ () ਦਾ ਇਕ ਅਜਿਹਾ ਮਹੱਵਪਰੂਣ ਅੰਗ ਅਤੇ ਲੋੜ ਹੈ ਜੋ ਸਰੀਰਕ ਪੱਧਰ ਤੇ ਲੋਕਾਂ ਨੂੰ ਕਿ ਦੂਸੇਰ ਵੱਲ ਖਿੱਚਦਾ ਹੈ। ਜਿਨਸੀ ਖਿੱਚ ਤੋਂ ਇਲਾਵਾ ਜੀਵਨ ਪ੍ਰਵਿਰਤੀ ਮਨੁੱਖ ਦੀਆਂ ਸਿਰਜਣਾਤਮਕ ਅਤੇ ਉਸਾਰੂ ਰੁਚੀਆਂ ਦਾ ਵੀ ਸੋਮਾ ਹੈ। ਜਿਥੇ ਵਿਰੋਧੀ ਲਿੰਗਾਂ ਦੀ ਆਪਸੀ ਖਿੱਚ, ਕਾਮ ਸੰਬੰਧੀ ਭਾਵ, ਕਲਪਣਾ, ਅਨੁਭਵ ਅਤੇ ਆਨੰਦ ਜੀਵਨ ਪ੍ਰਵਿਰਤੀ ਦਾ ਹਿੱਸਾ ਹੈ, ਉਥੇ ਮਨੁੱਖ ਦਾ ਹਰ ਬੌਧਿਕ ਅਤੇ ਕਲਾਤਮਕ ਪਸਾਰਾ ਜਿਸ ਵਿਚ ਸਾਹਿਤ, ਦਰਸ਼ਨ, ਵਿਗਿਆਨਕ ਅਤੇ ਤਕਨੀਕੀ ਕਾਢਾਂ ਸ਼ਾਮਿਲ ਹਨ, ਵੀ ਇਸ ਪ੍ਰਵਿਰਤੀ ਦਾ ਹੀ ਪ੍ਰਗਟਾਅ ਹੈ। ਸਾਹਿਤ ਸਿਰਜਣਾ ਜਾਂ ਅਜਿਹੀਆਂ ਹੋਰ ਮਨੁੱਖੀ ਸਿਰਜਣਾਵਾਂ ਭਾਵੇਂ ਸਿਧੇ ਰੂਪ ਵਿੱਚ ਕਾਮ ਦੀ ਪੂਰਤੀ ਨਹੀਂ ਕਰਦੀਆਂ ਪਰੰਤੂ ਕਿਉਂ ਜੋ ਅਜਿਹੇ ਕਾਰਜਾਂ ਵਿਚ ਵੀ ਉਹੀ ਜੀਵਨ ਪ੍ਰਵਿਰਤੀ ਕਾਰਜਸ਼ੀਲ ਰਹਿੰਦੀ ਹੈ, ਜਿਹੜੀ ਮਨੁੱਖੀ ਦੀਆਂ ਕਾਮ ਲੋੜਾਂ ਦੀ ਸਿੱਧੀ ਪੂਰਤੀ ਨਾਲ ਸਬੰਧਿਤ ਹੈ। ਇਸ ਲਈ ਮਨੋਵਿਗਿਆਨਕ ਪੱਖੋਂ ਮਨੁੱਖ ਦੇ ਅਜਿਹੇ ਕਾਰਜ ਨੂੰ ਵੀ ਅਸਿੱਧੇ ਢੰਗ ਨਾਲ ਕਾਮ ਇੱਛਾਵਾਂ ਦੀ ਪੂਰਤੀ ਹੀ ਸਮਝਿਆ ਜਾਂਦਾ ਹੈ। ਇੰਨਾ ਵਿਸ਼ਾਲ ਅਰਥਾਂ ਵਿਚ ਕਾਮ ਤੋਂ ਭਾਵ ਜੀਵਨ ਪ੍ਰਵਿਰਤੀ (), ਜੀਵਨ ਦੀ ਸੰਚਾਲਕ ਸ਼ਕਤੀ () ਅਤੇ ਨਸਲ ਕਾਇਮ ਰੱਖਣ ਲਈ ਵਿਰੋਧੀ ਲਿੰਗਾਂ ਵਿਚ ਪਾਈ ਜਾਣ ਵਾਲੀ ਅਜਿਹੀ ਸੁਭਾਵਿਕ ਖਿੱਚ ਹੈ, ਜਿਸ ਰਾਹੀਂ ਉਹ ਸੰਤਾਨ ਪੈਦਾ ਕਰਦੇ ਹਨ।



ਗੈਡਿਸ ਵੀ ਕਾਮ ਨੂੰ ਮਨੁੱਖੀ ਜੀਵਨ ਦਾ ਧੁਰਾ ਮੰਨਦਿਆਂ ਲਿਖਦਾ ਹੈ ਕਿ "ਕਾਮ ਅਜਿਹੀ ਮੂਲ ਪ੍ਰਵਿਰਤੀ ਅਤੇ ਲੋੜ ਹੈ ਜੋ ਬੱਚੇ ਦੇ ਜੰਮਣ ਨਾਲ ਪ੍ਰਗਟ ਹੁੰਦੀ ਹੈ ਅਤੇ ਮੌਤ ਤਕ ਉਸ ਦੇ ਨਾਲ ਚਲਦੀ ਹੈ।" ਕਾਮ ਮਨੁੱਖ ਦੀ ਵਿਅਕਤੀਗਤ ਅਤੇ ਸਮਾਜਿਕ ਜੀਵਨ ਦੋਹਾਂ ਨੂੰ ਹੀ ਸ਼ਕਤੀਸਾਲੀ ਰੂਪ ਵਿਚ ਪ੍ਰਭਾਵਿਤ ਕਰਦਾ ਹੈ। ਗੈਡਿਸ ਹੀ ਅੱਗੇ ਚਲ ਕੇ ਲਿਖਦਾ ਹੈ ਕਿ "ਕਾਮ ਦੀ ਸ਼ਕਤੀ ਮਨੁੱਖ ਦੇ ਵਿਅਕਤੀਗਤ ਅਤੇ ਸਮਾਜਿਕ ਵਿਹਾਰ ਨੂੰ ਕਈ ਤਰੀਕਿਆਂ ਨਾਲ ਸੰਚਾਲਿਤ ਕਰਦੀ ਹੈ। ਇਹ ਉਸ ਦੀ ਸੋਚ ਤੇ ਪ੍ਰਭਾਵ ਪਾਉਂਦੀ ਹੈ, ਉਸ ਨੂੰ ਮਾਣਮੱਤਾ ਵੀ ਬਣਾਉਂਦੀ ਹੈ ਅਤੇ ਉਦਾਸ ਵੀ। ਇਹ ਉਸ ਵਿਚ ਕਦੇ ਦੋਸ਼ ਹੋਣ ਦੀ ਭਾਵਨਾ ਪੈਦਾ ਕਰਦੀ ਹੈ ਅਤੇ ਕਦੇ ਸ਼ਰਮਸ਼ਾਰ ਵੀ। ਕਦੀ ਉਸ ਨੂੰ ਤਾਕਤ ਦਾ ਅਹਿਸਾਸ ਹੁੰਦਾ ਹੈ ਅਤੇ ਕਦੀ ਆਪਣੇ ਆਪ ਨੂੰ ਨਿਤਾਣਾ ਮਹਿਸੂਸ ਕਰਦਾ ਹੈ।"6 ਹੈਮਿੰਗ ਅਨੁਸਾਰ ਕਾਮ ਵਿਅਕਤੀ ਵਿਕਾਸ ਅਤੇ ਮਨੁੱਖ ਦੇ ਆਪਸੀ ਸੰਬੰਧਾਂ ਵਿਚ ਇਕ ਸ਼ਕਤੀਸ਼ਾਲੀ ਭੂਮਿਕਾ ਨਿਭਾਉਂਦਾ ਹੈ। ਆਨੰਦ ਨਾਲ ਭਰਪੂਰ ਇਹ ਇਕ ਮਹੱਤਵਪੂਰਣ ਸਮਾਜਿਕ ਅਤੇ ਜੋੜਨ ਵਾਲੀ ਕਿਰਿਆ ਹੈ। ਸੰਤਾਨ ਪੈਦਾ ਕਰਨਾ ਇਸ ਦਾ ਇਕ ਜੀਵਨ ਵਿਗਿਆਨਕ ਪ੍ਰਕਾਰਜ ਹੈ।"

ਕਾਮ ਦੀ ਮਨੁੱਖੀ ਜੀਵਨ ਵਿੱਚ ਮਹੱਤਵਸ਼ਾਲੀ ਭੂਮਿਕਾ ਨੂੰ ਦੇਖਦਿਆਂ ਇਸ ਗੱਲ ਬਾਰੇ ਕੋਈ ਹੈਰਾਨੀ ਨਹੀਂ ਹੁੰਦੀ ਕਿ ਮਨੁੱਖ ਸ਼ੁਰੂ ਤੋਂ ਹੀ ਆਪਣੀ ਇਸ ਲੋੜ ਦੀ ਪੂਰਤੀ ਕਰਦਾ ਆਇਆ ਹੈ। ਆਦਿਮ ਕਾਲੀਨ ਮਨੁੱਖ ਨੇ ਜਦੋਂ ਅਜੇ ਸਭਿਆਚਾਰ ਦੀ ਪੌੜੀ ਉਪਰ ਆਪਣਾ ਪਾਰ ਨਹੀਂ ਸੀ ਰੱਖਿਆ ਤਾਂ ਉਹ ਆਪਣੇ ਜਿਨਸੀ ਸੰਬੰਧਾਂ ਦੀ ਪੂਰਤੀ ਪਿਆਰ ਭਾਵਨਾ ਤੋਂ ਪ੍ਰੇਰਿਤ ਹੋ ਕੇ ਨਹੀਂ ਸਗੋਂ ਦੂਸਰੇ ਪ੍ਰਾਣੀਆਂ ਵਾਂਗ ਹੀ ਕਰਦਾ ਸੀ। ਜਿਨਸੀ ਸੰਬੰਧ ਪੈਦਾ ਕਰਨ ਤੋਂ ਬਾਅਦ ਔਰਤ ਮਰਦ ਇਕ ਦੂਸਰੇ ਲਈ ਅਜਨਬੀਆਂ ਵਾਂਗ ਹੋ ਜਾਂਦੇ ਸਨ। ਅਜਿਹੀਆਂ ਹਾਲਾਤਾਂ ਵਿੱਚ ਔਰਤ ਮਰਦ ਇਕ ਦੂਸਰੇ ਦੇ ਜਿਨਸੀ-ਸੰਬੰਧਾਂ ਦੀ ਪੂਰਤੀ ਤਾਂ ਕਰਦੇ ਸਨ, ਪਰ ਆਪਸ ਜੁੜੇ ਨਹੀਂ ਸਨ ਰਹਿੰਦੇ ਅਤੇ ਨਾ ਹੀ ਇਕਦੂਸਰੇ ਦੇ ਦੁੱਖ-ਸੁੱਖ ਵਿਚ ਭਾਈਵਾਲ ਹੁੰਦੇ ਸਨ। ਕੁਝ ਵਿਕਸਿਤ ਹਾਲਤਾਂ ਵਿਚ ਮਨੁੱਖ ਅਤੇ ਔਰਤ ਇਕ ਦੂਜੇ ਨਾਲ ਸੰਬੰਧਿਤ ਹੋ ਕੇ ਜਿਨਸੀ ਭਾਵਨਾਵਾਂ ਦੀ ਪੂਰਤੀ ਦੇ ਨਾਲ ਨਾਲ ਜਦੋਂ ਇਕ ਦੂਸਰੇ ਦੇ ਦੁੱਖ-ਸੁੱਖ ਵਿਚ ਵੀ ਸ਼ਰੀਕ ਹੋਣ ਲੱਗੇ ਤਾਂ ਉਨ੍ਹਾਂ ਵਿੱਚ ਪਿਆਰ ਭਾਵਨਾ ਨੇ ਜਨਮ ਲਿਆ। ਅੱਜ ਭਾਵੇਂ ਪਿਆਰ ਜਾਂ ਕਾਮ ਦੋਹਾਂ ਦੀ ਗੱਲ ਇਨ੍ਹਾਂ ਨੂੰ ਇਕ ਦੂਜੇ ਤੋਂ ਨਿਖੇੜ ਕੇ ਨਹੀਂ ਕੀਤੀ ਜਾ ਸਕਦੀ ਪਰੰਤੂ ਸਭਿਅਤਾ ਦੀ ਜਿਸ ਅਵਸਥਾ ਵਿਚ ਮਨੁੱਖ ਅੱਜ ਵਿਚਰ ਰਿਹਾ ਹੈ, ਆਦਿਮ ਕਾਲੀਨ ਮਨੁੱਖ ਨੇ ਕਦੇ ਸੋਚਿਆ ਵੀ ਨਹੀਂ ਹੋਵੇਗਾ। ਅੱਜ ਦਾ ਮਨੁੱਖ ਜਿਨਸੀ ਭਾਵਨਾਵਾਂ ਨੂੰ ਪ੍ਰੇਮ ਭਾਵਨਾਵਾਂ ਤੋਂ ਵੱਖ ਕਰਕੇ ਨਹੀਂ ਵੇਖਦਾ। ਕਾਮ ਦੀ ਪੂਰਤੀ ਕੇਵਲ ਇਕ ਬੁਨਿਆਦੀ ਮਨੁੱਖੀ ਲੋੜ ਜਾਂ

ਪ੍ਰਵਿਰਤੀ ਦੀ ਪੂਰਤੀ ਨਹੀਂ ਸਗੋਂ ਇਹ ਪਿਆਰ, ਮੋਹ ਅਤੇ ਦੋਸਤੀ ਨੂੰ ਵੀ ਗੂੜ੍ਹਾ ਕਰਦੀ ਹੀ। ਡਾ. ਰਾਧਾ ਕ੍ਰਿਸ਼ਨਨ ਅਨੁਸਾਰ "ਕਾਮ ਦੀ ਪੂਰਤੀ ਦੀ ਕਿਰਿਆ ਕਾਫ਼ੀ ਦਾ ਕੱਪ ਪੀਣ ਵਾਂਗ ਨਹੀਂ ਜੋ ਆਪਣੇ ਪਿੱਛੇ ਕਿਸੇ ਤਰ੍ਹਾਂ ਦੀ ਯਾਦ ਜਾਂ ਚਿੰਨ੍ਹ ਨਹੀਂ ਛੱਡਦੀ, ਸਗੋਂ ਇਹ ਪਿਆਰ, ਮੋਹ ਅਤੇ ਦੋਸਤੀ ਨੂੰ ਹੋਰ ਨਿੱਘਾ ਅਤੇ ਗੂੜ੍ਹਾ ਕਰਨ ਵਾਲੀ ਕਿਰਿਆ ਹੈ।"

ਮਨੁੱਖ ਨੇ ਜਿਉਂ ਜਿਉਂ ਜੰਗਲ ਤੋਂ ਪਿੰਡਾਂ ਅਤੇ ਸ਼ਹਿਰਾਂ ਦਾ ਸਫ਼ਰ ਕਰਨਾ ਸ਼ੁਰੂ ਕੀਤਾ, ਜਿਨਸੀ ਸੰਬੰਧਾਂ ਪ੍ਰਤੀ ਉਸ ਦਾ ਨਜ਼ਰੀਆ ਵੀ ਬਦਲਦਾ ਰਿਹਾ। ਜਿਨਸੀ ਸੰਬੰਧਾਂ ਦੀ ਪੂਰਤੀ ਇਕ ਨਿਯੰਤਰਣ ਹੇਠ ਹੋਣ ਲੱਗੀ। ਕਾਮ ਸੰਬੰਧੀ ਮਾਨਤਾਵਾਂ ਅਤੇ ਧਾਰਨਾਵਾਂ ਵਿੱਚ ਪਰਿਵਰਤਨ ਹੁੰਦਾ ਰਿਹਾ। ਨਤੀਜੇ ਵਜੋਂ ਵਿਆਹ ਜਿਹੀ ਸੰਸਥਾ ਹੋਂਦ ਵਿਚ ਆਈ। ਦੇਸ਼ ਕਾਲ ਦੀਆਂ ਵਿਸ਼ੇਸ਼ ਪਰਿਸਥਿਤੀਆਂ ਅਨੁਸਾਰ ਕਾਮ ਸੰਬੰਧੀ ਧਾਰਨਾਵਾਂ ਵਿਚ ਵਖਰੇਵਾਂ ਮਿਲਦਾ ਹੈ। ਪਰੰਤੂ ਸਾਰੇ ਸਭਿਆਚਾਰਾਂ ਵਿਚ ਜਿਨਸੀ ਸੰਬੰਧਾਂ ਨੂੰ ਵਿਆਹ ਦੀ ਸੰਸਥਾ ਰਾਹੀਂ ਨਿਯੰਤਰਣ ਵਿਚ ਕਰਨ ਅਤੇ ਇਸ ਦਾ ਸਮਾਜੀਕਰਣ ਕਰਨ ਦਾ ਵਿਧਾਨ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਚਲਿਤ ਰਿਹਾ ਹੈ। ਵਿਆਹ ਦੀ ਸੰਸਥਾ ਦੇ ਹੋਂਦ ਵਿਚ ਆਉਣ ਨਾਲ ਜਿਨਸੀ-ਸੰਬੰਧਾਂ ਨੂੰ ਸਮਾਜਿਕ ਪ੍ਰਵਾਨਗੀ ਵਿਆਹ ਸੰਸਥਾ ਰਾਹੀਂ ਹੀ ਮਿਲਣ ਲੱਗੀ। ਵਿਆਹ-ਬਾਹਰੀ ਕਾਮ ਸੰਬੰਧਾਂ ਨੂੰ ਅਨੈਤਿਕਤਾ ਅਤੇ ਆਚਰਣਹੀਣਤਾ ਨਾਲ ਸੰਬੰਧਿਤ ਕੀਤਾ ਜਾਣ ਲੱਗਾ। ਵਿਆਹ-ਬਾਹਰੇ ਸੰਬੰਧਾਂ ਨੂੰ ਵਿਅਕਤੀ ਲਈ ਟੈਬੂ ਕਰਾਰ ਦਿੱਤਾ ਗਿਆ ਅਤੇ ਸਮਾਜ ਵੱਲੋਂ ਇਨ੍ਹਾਂ ਵਿਆਹ ਬਾਹਰੇ ਜਿਨਸੀ ਸੰਬੰਧਾਂ ਨੂੰ ਕਾਇਮ ਕਰਨ ਵਾਲੇ ਵਿਅਕਤੀਆਂ ਲਈ ਕਠੋਰ ਨੇਮ ਬਣਾਏ ਗਏ। ਇਨ੍ਹਾਂ ਨਿਯਮਾਂ ਦੀ ਸਖਤੀ ਨਾਲ ਪਾਲਣਾ ਕਰਨ ਲਈ ਇਨ੍ਹਾਂ ਨੂੰ ਧਾਰਮਿਕ ਖੇਤਰ ਨਾਲ ਜੋੜ ਦਿੱਤਾ ਗਿਆ। ਇਸ ਤਰ੍ਹਾਂ ਵਿਆਹ ਨਾਲ ਬੱਝੇ ਵਿਅਕਤੀਆਂ ਦੇ ਜਿਨਸੀ-ਸੰਬੰਧ ਤਾਂ ਪਵਿੱਤਰ ਮੰਨੇ ਗਏ ਪਰ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਕੇ ਜੇਕਰ ਕੋਈ ਵਿਅਕਤੀ ਜਿਨਸੀ-ਸੰਬੰਧਾਂ ਦੀ ਪੂਰਤੀ ਕਰਦਾ ਸੀ ਤਾਂ ਉਸ ਨੂੰ ਮੌਤ ਦੰਡ ਦਿੱਤਾ ਜਾਂਦਾ ਸੀ। ਜਿਨਸੀ ਵਿਹਾਰ ਨੂੰ ਇਕ ਮਨੋਵਿਗਿਆਨਕ ਲੋੜ ਨਹੀਂ ਸੀ ਸਮਝਿਆ ਜਾਂਦਾ, ਸਗੋਂ ਇਸ ਨੂੰ ਕੇਵਲ ਆਪਣੇ ਵੰਸ਼ ਨੂੰ ਅੱਗੇ ਤੋਰਨ ਲਈ ਹੀ ਜ਼ਰੂਰ ਸਮਝਿਆ ਜਾਂਦਾ ਸੀ। ਜਿਨਸੀ-ਸੰਬੰਧਾਂ ਬਾਰੇ ਗੱਲ ਕਰਨੀ ਵੀ ਉਨੀ ਹੀ ਅਨੈਤਿਕ ਸਮਝੀ ਜਾਂਦੀ ਸੀ, ਜਿੰਨਾ ਕਿ ਇਨ੍ਹਾਂ ਸੰਬੰਧਾਂ ਨੂੰ ਕਾਇਮ ਕਰਨਾ। ਜਿਨਸੀ ਸੰਬੰਧਾਂ ਬਾਰੇ ਇਸ ਕਠੋਰ ਨੇਮ ਵਿਧਾਨ ਦਾ ਹੀ ਸਿੱਟਾ ਹੈ ਕਿ ਵਰਤਮਾਨ ਸਮੇਂ ਦਾ ਸਮਾਜ ਵੀ ਇਨ੍ਹਾਂ ਲੋੜਾਂ ਤੋਂ ਵਧੇਰੇ ਕਠੋਰ ਪਰੰਪਰਾਗਤ ਵਿਚਾਰਾਂ ਤੋਂ ਮੁਕਤ ਨਹੀਂ ਹੋ ਸਕਿਆ। ਅੱਜ ਵੀ ਜੇਕਰ ਕੋਈ ਵਿਅਕਤੀ ਜਾਂ ਲੇਖਕ ਜਿਨਸੀ ਸੰਬੰਧਾਂ ਬਾਰੇ ਜ਼ਰਾ ਖੁਲ੍ਹ ਕੇ ਵਿਚਾਰ ਚਰਚਾ ਕਰਦਾ ਹੈ ਤਾਂ ਉਸ ਦੀ ਲਿਖਤ ਅਸ਼ਲੀਲ ਅਤੇ ਸਾਹਿਤਕ ਦੋਸ਼ ਵਾਲੀ ਕਰਾਰ ਦਿੱਤੀ ਜਾਂਦੀ ਹੈ। ਧਾਰਮਿਕ ਆਗੂਆਂ ਅਤੇ ਧਾਰਮਿਕ



ਲਿਖਤਾਂ ਨੇ ਵੀ ਕਾਮ ਨੂੰ ਉਸੇ ਹੱਦ ਤੱਕ ਪਵਿੱਤਰ ਮੰਨਿਆ ਹੈ, ਜਿਥੋਂ ਤੱਕ ਇਹ ਆਪਣੀ ਵੰਸ਼ ਨੂੰ ਅੱਗੇ ਤੋਰਨ ਦਾ ਪ੍ਰਕਾਰਜ ਨਿਭਾਉਂਦਾ ਹੈ। ਸਰੀਰਕ ਸੁੱਖ ਲਈ ਪੈਦਾ ਕੀਤੇ ਗਏ ਕਾਮ ਸੰਬੰਧ ਅਪਵਿੱਤਰ ਅਤੇ ਪਾਪ ਵਾਲੀ ਗੱਲ ਹਨ। ਰੋਮਨ ਕੈਥੋਲਿਕ ਦੇ ਦ੍ਰਿਸ਼ਟੀਕੋਣ ਅਨੁਸਾਰ ਕਾਮ ਬੁਨਿਆਦੀ ਤੌਰ ਤੇ ਪਵਿੱਤਰ ਚੀਜ਼ ਹੈ ਕਿਉਂਕਿ ਇਹ ਵੰਸ਼ ਨੂੰ ਅੱਗੇ ਤੋਰਨ ਦਾ ਸਾਧਨ ਹੈ। ਪਰੰਤੂ ਵੰਸ਼ ਨੂੰ ਅੱਗੇ ਤੋਰਨ ਦੀ ਬਜਾਇ ਸਰੀਰਕ ਸੁਖ ਲਈ ਪੈਦਾ ਕੀਤੇ ਕਾਮ-ਸੰਬੰਧ ਪਾਪ ਵਾਲੀ ਗੱਲ ਹਨ। ਭਾਵੇਂ ਅਜਿਹੀ ਵਿਚਾਰਧਾਰਾ ਦਾ ਜਨ-ਜੀਵਨ ਤੇ ਕਾਫ਼ੀ ਪ੍ਰਭਾਵ ਰਿਹਾ ਹੈ, ਪਰੰਤੂ ਜੇਕਰ ਇਨ੍ਹਾਂ ਵਿਚਾਰਾਂ ਦਾ ਅੱਜ ਵਿਸ਼ਲੇਸ਼ਣ ਕਰੀਏ ਤਾਂ ਇਹ ਅੰਤਰ-ਵਿਰੋਧੀ ਵਿਚਾਰ ਲਗਦੇ ਹਨ। ਕਾਮ ਦੀ ਪ੍ਰਕਿਰਿਆ ਵਿਚੋਂ ਸਰੀਰਕ ਸੁੱਖ ਨੂੰ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਕਈ ਸਮਾਜ ਅਜਿਹੇ ਵੀ ਹਨ, ਜਿਥੇ ਲੋਕਾਂ ਦਾ ਜਿਨਸੀ ਵਿਹਾਰ ਪ੍ਰਤੀ ਰਵੱਈਆ ਬਿਲਕੁਲ ਵੱਖਰੀ ਤਰ੍ਹਾਂ ਦਾ ਹੈ। ਕੁਝ ਸਮਾਜ ਅਜਿਹੇ ਵੀ ਹਨ, ਜਿਥੇ ਲੋਕ ਅਜੇ ਵੀ ਨੰਗੇ ਰਹਿੰਦੇ ਹਨ ਅਤੇ ਉਹ ਇਹ ਸਬੰਧੀ ਸੰਗ-ਸ਼ਰਮ ਮਹਿਸੂਸ ਨਹੀਂ ਕਰਦੇ। ਬਿਊਕਾ ਵਿਚ ਬੱਚਿਆਂ ਦੀ ਕਾਮ ਪ੍ਰਵਿਰਤੀ ਅਤੇ ਕਾਮ-ਸੰਬੰਧਾਂ ਬਾਰੇ ਪ੍ਰਸ਼ਨਾਂ ਦਾ ਬੜਾ ਸਿੱਧਾ ਅਤੇ ਖੁੱਲ੍ਹਾ ਉਤਰ ਦਿੱਤਾ ਜਾਂਦਾ ਹੈ। ਬੱਚਿਆਂ ਨੂੰ ਇਹ ਮਹਿਸੂਸ ਵੀ ਨਹੀਂ ਕਰਨ ਦਿੱਤਾ ਜਾਂਦਾ ਕਿ ਲਿੰਗ ਨਾਲ ਕੋਈ ਅਯੋਗ ਗੱਲ ਜਾਂ ਅਸ਼ਲੀਲਤਾ ਸੰਬੰਧਿਤ ਹੈ। ਅਜਿਹਾ ਕਾਮ ਵਿਹਾਰ ਉਨ੍ਹਾਂ ਦੇ ਸਮਾਜ ਵਿਚ ਪ੍ਰਵਾਨਿਤ ਗੱਲ ਹੈ। ਹਿੰਦੂ ਅਤੇ ਈਸਾਈ ਧਰਮ ਦੀਆਂ ਵੀ ਅਨੇਕਾਂ ਮਿਥਾਂ ਹਨ, ਜਿਨ੍ਹਾਂ ਵਿਚ ਕਾਮ-ਸੰਬੰਧਾਂ ਦਾ ਨਿਸ਼ੰਗ ਵਰਣਨ ਕੀਤਾ ਗਿਆ ਹੈ। ਹਿੰਦੂ ਮਿਥਿਹਾਸ ਵਿਚੋਂ ਕ੍ਰਿਸ਼ਨ ਅਤੇ ਬ੍ਰਹਮ ਦੇਵਤੇ ਨਾਲ ਸਬੰਧਿਤ ਮਿਥਾਂ ਦੇ ਉਦਾਹਰਣ ਵੇਖੇ ਜਾ ਸਕਦੇ ਹਨ। ਉਂਜ ਵੀ ਦਰਾਵੜ ਲੋਕ ਲਿੰਗ ਅਤੇ ਯੋਨੀ ਦੀ ਪੂਜਾ ਕਰਦੇ ਰਹੇ ਹਨ ਅਤੇ ਇਸ ਪੂਜਾ ਦੇ ਅਵਸ਼ੇਸ਼ () ਅੱਜ ਵੀ ਭਰਪੂਰ ਮਾਤਰਾ ਵਿਚ ਵੇਖਦੇ ਜਾ ਸਕਦੇ ਹਨ। ਹਿੰਦੂ ਧਰਮ ਵਿਚ ਇਸੇ ਲਈ ਮਨੁੱਖ ਦੇ ਕਾਮ ਵਿਹਾਰ ਨੂੰ ਜਿੰਨਾ ਪਵਿੱਤਰ ਮੰਨਿਆ ਗਿਆ ਹੈ ਓਨਾ ਸੰਸਾਰ ਦੇ ਕਿਸੇ ਹੋਰ ਧਰਮ ਵਿਚ ਨਹੀਂ ਮੰਨਿਆ ਗਿਆ। ਚੌਥੀ ਈਸਵੀ ਸਦੀ ਵਿਚ ਵਤ ਸਾਈਨ ਨੇ ਕਾਮ ਸੂਤਰਾ ਪੁਸਤਕ ਵਿਚ ਜਿਨਸੀ-ਸੰਬੰਧਾਂ ਦੇ ਮਨੋਵਿਗਿਆਨਕ ਪੱਖ ਤੇ ਜ਼ੋਰ ਦਿੰਦਿਆਂ ਇਸ ਨੂੰ ਸਰੀਰਕ ਸੁਖ ਦਾ ਸਾਧਨ ਮੰਨਿਆ ਹੈ। ਬਰਟਰਨਡ ਰਸਲ ਅਨੁਸਾਰ "ਕਾਮ, ਮਨੁੱਖ ਦੀ ਉਨੀ ਹੀ ਸੁਭਾਵਿਕ ਲੋੜ ਹੈ, ਜਿੰਨੀ ਭੁੱਖ ਅਤੇ ਤ੍ਰੇਹ। ਇਹ ਠੀਕ ਹੈ ਕਿ ਆਦਮੀ ਇਸ ਤੋਂ ਬਿਨਾਂ ਜਿੰਦਾ ਰਹਿ ਸਕਦਾ ਹੈ, ਜਦ ਕਿ ਰੋਟੀ ਅਤੇ ਪਾਣੀ ਤੋਂ ਬਿਨਾਂ ਨਹੀਂ। ਪਰੰਤੂ ਮਨੋਵਿਗਿਆਨਕ ਪੱਖ ਤੋਂ ਦੇਖੀਏ ਤਾਂ ਕਾਮ ਵੀ ਭੁੱਖ ਅਤੇ ਤਰੇਹ ਵਰਗੀ ਹੀ ਲੋੜ ਹੈ।"

ਅਜੋਕੇ ਯੁੱਗ ਵਿਚ ਜਿਨਸੀ ਸੰਬੰਧਾਂ ਬਾਰੇ ਦ੍ਰਿਸ਼ਟੀਕੋਣ ਵਿਚ ਕਾਫ਼ੀ ਪਰਿਵਰਤਨ

ਆਇਆ ਹੈ। ਇਸ ਨੂੰ ਮਨੁੱਖ ਦੀ ਬੁਨਿਆਦੀ ਲੋੜ ਸਵੀਕਾਰ ਕੀਤਾ ਜਾਣ ਲੱਗ ਪਿਆ ਹੈ। ਇਸ ਪਰਿਵਰਤਨ ਦਾ ਵੱਡਾ ਕਾਰਣ ਮਨੋਵਿਗਿਆਨਕ ਖੇਤਰ ਵਿੱਚ ਹੋਈਆਂ ਖੋਜਾਂ ਹਨ। ਇਨ੍ਹਾਂ ਖੋਜਾਂ ਨੇ ਇਹ ਗੱਲ ਸਾਹਮਣੇ ਲਿਆਂਦੀ ਹੈ ਕਿ ਜਿਨਸੀ ਭਾਵਨਾਵਾਂ ਦੀ ਅਪੂਰਤੀ ਦੀ ਸਥਿਤੀ ਵਿਚ ਮਨੁੱਖ ਆਪਣਾ ਸੰਤੁਲਿਤ ਵਿਹਾਰ ਗੁਵਾ ਬੈਠਦਾ ਹੈ। ਪੱਛਮੀ ਦੇਸ਼ਾਂ ਵਿੱਚ ਇਹ ਪਰਿਵਰਤਨ ਵਧੇਰੇ ਤੇਜ਼ੀ ਨਾਲ ਆਇਆ ਹੈ। ਉਥੋਂ ਦਾ ਨੌਜਵਾਨ ਵਰਗ ਤਾਂ ਹੁਣ ਫ੍ਰੀ ਸੈਕਸ ਦੀ ਵਕਾਲਤ ਕਰਨ ਲੱਗ ਪਿਆ ਹੈ। ਅਮਰੀਕਾ ਵਿਚ ਹੋਈਆਂ ਖੋਜਾਂ ਅਨੁਸਾਰ 74% ਪੁਰਸ਼ ਵਿਆਹ ਤੋਂ ਪਹਿਲਾਂ ਜਿਨਸੀ ਸੰਬੰਧ ਸਥਾਪਿਤ ਕਰ ਲੈਂਦੇ ਹੇਨ। ਜਦ ਕਿ 20 ਸਾਲ ਤੋਂ ਪਹਿਲਾਂ 40% ਲੜਕੀਆਂ ਵੀ ਕਾਮ ਦਾ ਆਨੰਦ ਲੈ ਚੁੱਕੀਆਂ ਹੁੰਦੀਆਂ ਹਨ। ਅਜਿਹੇ ਕਾਮ ਸੰਬੰਧ ਵੰਸ਼ ਨੂੰ ਅੱਗੇ ਤੋਰਨ ਲਈ ਨਹੀਂ ਸਗੋਂ ਆਪਣੀ ਸਰੀਰਕ ਅਤੇ ਮਾਨਸਿਕ ਲੋੜ ਨੂੰ ਪੂਰਾ ਕਰਨ ਲਈ ਕੀਤਾ ਜਾਂਦੇ ਹਨ। ਇਸ ਤੋਂ ਸਿੱਧ ਹੁੰਦਾ ਹੈ ਕਿ ਸਰੀਰਕ ਸੁੱਖ ਦੇਣਾ ਵੀ ਕਾਮ ਸੰਬੰਧਾਂ ਦਾ ਇਕ ਮਹੱਤਵਪੂਰਣ ਪ੍ਰਕਾਰਜ਼ ਹੈ। ਅੱਜ ਦੇ ਹਾਲਾਤ ਵਿਚ ਇਕ ਸਭਿਆਚਾਰ ਦੂਸਰੇ ਸਭਿਆਚਾਰ ਤੋਂ ਅਭਿੱਜ ਨਹੀਂ ਰਹਿ ਸਕਦਾ। ਪੱਛਮੀ ਸਭਿਅਤਾ ਦਾ ਪ੍ਰਭਾਵ ਸਾਡੇ ਸਮਾਜ ਤੇ ਵੀ ਪਿਆ ਹੈ। ਇਸ ਲਈ ਹੁਣ ਕਾਮ ਸੰਬੰਧੀ ਵਿਚਾਰ ਚਰਚਾ ਨੂੰ ਮਨੁੱਖੀ ਗਿਆਨ ਦਾ ਇਕ ਮਹੱਤਵਪੂਰਣ ਅੰਗ ਸਵੀਕਾਰ ਕਰਕੇ ਇਸ ਸੰਬੰਧੀ ਸਿੱਖਿਆ ਉਪਰ ਵੀ ਜ਼ੋਰ ਦਿੱਤਾ ਜਾਣ ਲੱਗ ਪਿਆ ਹੈ। ਵਿਗਿਆਨ ਦੇ ਇਸ ਯੁਗ ਵਿਚ ਅਖ਼ਬਾਰਾਂ, ਮੈਗਜ਼ੀਨ ਵਿਚ ਭਾਰਤ ਵਿਚ ਭਾਵੇਂ ਮਨੁੱਖ ਦੇ ਕਾਮ ਵਿਹਾਰ ਬਾਰੇ ਕਿਨਜ਼ੇ ਵਰਗਾ ਕੋਈ ਵਿਸਤ੍ਰਿਤ ਸਰਵੇਖਣ ਨਹੀਂ ਹੋਇਆ। ਪਰੰਤੂ ਪ੍ਰੋਮਿਲਾ ਕਪੂਰ ਦੇ ਸੀਮਿਤ ਸਰਵੇਖਣ ਤੋਂ ਵੀ ਇਹ ਤੱਥ ਪ੍ਰਗਟ ਹੁੰਦਾ ਹੈ ਕਿ ਭਾਰਤ ਵਿਚ ਵੀ ਅਨੇਕਾਂ ਔਰਤਾਂ ਵਿਆਹ ਬਾਹਰੇ ਕਾਮ ਸੰਬੰਧਾਂ ਨੂੰ ਅਨੈਤਿਕ ਨਹੀਂ ਸਮਝਦੀਆਂ। ਭਾਰਤੀ ਸਮਾਜ ਵਿਚ ਵੀ ਨੌਜਵਾਨ ਪੀੜ੍ਹੀ ਵਿਚ ਜਿਨਸੀ ਵਿਹਾਰ ਸੰਬੰਧੀ ਕਾਫ਼ੀ ਪਰਿਵਰਤਨ ਆਇਆ ਹੈ। ਮਾਡਲਿੰਗ ਅਤੇ ਫਿਲਮਾਂ ਵਿਚ ਕੰਮ ਜਿਸ ਨੂੰ ਘਟੀਆ ਪੇਸ਼ਾ ਸਮਝਿਆ ਜਾਂਦਾ ਸੀ, ਇੱਜ਼ਤ ਵਾਲੇ ਕਿੱਤੇ ਸਮਝੇ ਜਾਣ ਲੱਗ ਪਏ ਹਨ। ਇਨ੍ਹਾਂ ਸਾਰੀਆਂ ਗੱਲਾਂ ਤੋਂ ਪ੍ਰਭਾਵਿਤ ਅਜੋਕੇ ਨਸਲ ਨੇ ਪਰੰਪਰਾਗਤ ਮੁੱਲਾਂ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਵੇਖਣਾ ਸ਼ੁਰੂ ਕਰ ਦਿੱਤਾ ਹੈ। ਮਨੁੱਖ ਦੇ ਜਿਨਸੀ-ਵਿਹਾਰ ਵਿਚ ਜੋ ਪਰਿਵਰਤਨ ਆਏ ਹਨ, ਉਹ ਅਜੋਕੀ ਸਭਿਅਤਾ ਦੀ ਦੇਣ ਹਨ। ਜਿਨਸੀ-ਸੰਬੰਧਾਂ ਵਿਚ ਲੋੜ ਤੋਂ ਵਧੇਰੇ ਕਠੋਰ ਬੰਧਨ ਟੁੱਟ ਰਹੇ ਹਨ। ਪਰ ਇਸ ਦਾ ਇਹ ਭਾਵ ਨਹੀਂ ਕਿ ਮਨੁੱਖ ਦੇ ਕਾਮ ਵਿਹਾਰ ਨੂੰ ਨਿਯੰਤਰਣ ਕਰਨ ਦੀ ਲੋੜ ਨਹੀਂ ਰਹੀ। ਲੋੜ ਤੋਂ ਵਧੇਰੇ ਖੁਲ੍ਹ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਜਨਮ ਦੇਂਦੀ ਹੈ ਅਤੇ ਜਿਨ੍ਹਾਂ ਸਮਾਜਾਂ ਵਿਚ ਜਿਨਸੀ ਭਾਵਨਾਵਾਂ ਦੀ ਬੇਰੋਕ ਪੂਰਤੀ ਦਾ ਰੁਝਾਨ ਹੈ ਉਥੇ ਇਹ ਸਮੱਸਿਆਵਾਂ ਪ੍ਰਬਲ ਰੂਪ ਵਿੱਚ ਸਾਹਮਣੇ ਆਈਆਂ



ਹਨ। ਜਿਥੇ ਮਨੁੱਖਾਂ ਵਿਚ ਕਾਮ ਭਾਵਨਾਵਾਂ ਦਾ ਦਮਨ ਅਤੇ ਅਪੂਰਤੀ ਕਿਸੇ ਸਮਾਜ ਉਪਰ ਪ੍ਰਤਿਗਾਮੀ ਪ੍ਰਭਾਵ ਪਾਉਂਦਾ ਹੈ, ਉਥੇ ਇਸ ਖੇਤਰ ਵਿਚ ਲੋੜ ਤੋਂ ਵਧੇਰੇ ਖੁਲ੍ਹ ਵੀ ਮੁਸ਼ਕਿਲਾਂ ਪੈਦਾ ਕਰਦੀ ਹੈ। ਲੋੜ ਸੰਤੁਲਨ ਕਾਇਮ ਕਰਨ ਦੀ ਹੈ। ਜਿਨਸੀ ਭਾਵਨਾਵਾਂ ਦੀ ਪੂਰਤੀ ਲਈ ਇਸ ਦੀ ਸਮਾਜੀਕਰਣ ਜ਼ਰੂਰੀ ਹੈ। ਵਿਆਹ ਇਕੋ ਇਕ ਅਜਿਹੀ ਸੰਸਥਾ ਹੈ, ਜਿਹੜੀ ਹਰੇਕ ਸਮਾਜ ਵਿਚ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਚਲਿਤ ਹੈ। ਇਹ ਸੰਸਥਾ ਜੋ ਵਿਰੋਧੀ ਲਿੰਗਾਂ ਨੂੰ ਸਮਾਜਿਕ ਕਰਤੱਵਾਂ ਤੇ ਜ਼ਿੰਮੇਵਾਰੀਆਂ ਦੇ ਅਜਿਹੇ ਬੰਧਨਾਂ ਵਿਚ ਬੰਨ੍ਹਦੀ ਹੈ ਕਿ ਵਿਰੋਧੀ ਲਿੰਗਾਂ ਤੋਂ ਪੈਦਾ ਹੋਣ ਵਾਲੀ ਸੰਤਾਨ ਦੀ ਦੇਖ ਰੇਖ ਆਦਰਸ਼ਕ ਤਰੀਕੇ ਨਾਲ ਹੋ ਸਕਦੀ ਹੈ। ਪਰ ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਵਿਆਹ ਸੰਸਥਾ ਵਿੱਚ ਬੱਝੇ ਔਰਤ ਅਤੇ ਮਰਦ ਵਿਆਹ ਬਾਹਰੇ ਜਿਨਸੀ ਸੰਬੰਧ ਵੀ ਕਾਇਮ ਕਰ ਲੈਂਦੇ ਹਨ। ਇਸ ਹਕੀਕਤ ਦੇ ਵੀ ਆਪਣੇ ਮਨੋਵਿਗਿਆਨਕ ਆਧਾਰ ਹਨ। ਕਿਉਂ ਜੋ ਇਕ ਹੀ ਵਿਅਕਤੀ ਨਾਲ ਲੰਮਾ ਸਮਾਂ ਸੰਬੰਧਿਤ ਰਹਿਣ ਤੇ ਉਸ ਨਾਲ ਬਣੇ ਸੰਬੰਧਾਂ ਵਿਚ ਸਿਥਲਤਾ ਆਉਣੀ ਸ਼ੁਰੂ ਹੋ ਜਾਂਦੀ ਹੈ, ਇਸ ਤੋਂ ਛੁਟਕਾਰਾ ਪਾਉਣ ਲਈ ਵਿਅਕਤੀ ਕਿਸੇ ਦੂਸਰੇ ਸਾਥੀ ਦੀ ਭਾਲ ਵਲ ਰੁਚਿਤ ਹੁੰਦਾ ਹੈ।

ਉਪਰੋਕਤ ਸਾਰੀ ਚਰਚਾ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਕਾਮ ਭਾਵਨਾਵਾਂ ਦੀ ਤ੍ਰਿਪਤੀ ਮਨੁੱਖ ਦੀ ਇਕ ਬੁਨਿਆਦੀ ਲੋੜ ਹੈ ਅਤੇ ਕਾਮ ਭਾਵਨਵਾਂ ਦੀ ਪੂਰਤੀ ਜਾਂ ਅਪੂਰਤੀ ਮਨੁੱਖ ਦੇ ਵਿਅਕਤੀਗਤ ਅਤੇ ਸਮਾਜਿਕ ਵਿਵਹਾਰ ਨੂੰ ਨਿਰਧਾਰਿਤ ਕਰਦੀ ਹੈ। ਕਾਮ ਮਨੁੱਖ ਦੀ ਸਿਰਜਣ ਸ਼ਕਤੀ ਦਾ ਮੂਲ ਪ੍ਰੇਰਣਾ ਸਰੋਤ ਹੈ।

ਜੇਕਰ ਕਾਮ ਮਨੁੱਖੀ ਜੀਵਨ ਦੀ ਬੁਨਿਆਦੀ ਲੋੜ ਹੈ ਤਾਂ ਮਨੁੱਖ ਲਈ ਆਪਣੀਆਂ ਹੋਰ ਬੁਨਿਆਦੀ ਲੋੜਾਂ ਵਾਂਗ ਇਸ ਲੋੜ ਦੀ ਪੂਰਤੀ ਵੀ ਇਕ ਮੁੱਖ ਸਮੱਸਿਆ ਹੈ। ਸਾਹਿਤਕਾਰ ਦਾ ਕਰਤੱਵ ਕਿਉਂਕਿ ਮਨੁੱਖੀ ਜੀਵ ਦੇ ਯਥਾਰਥ ਨੂੰ ਪੇਸ਼ ਕਰਨਾ ਹੁੰਦਾ ਹੈ। ਅਤੇ ਉਹ ਖੁਦ ਵੀ ਇਕ ਸਮਾਜਿਕ ਜੀਵਨ ਹੁੰਦਾ ਹੈ। ਇਸ ਲਈ ਮਨੁੱਖ ਦੀਆਂ ਮੁੱਖ ਸਮੱਸਿਆਵਾਂ ਅਥਵਾ ਉਸ ਦੇ ਜੀਵਨ ਦੇ ਅੰਦਰੂਨੀ ਅਤੇ ਬਾਹਰੀ ਅੰਤਰ-ਵਿਰੋਧ ਉਸ ਦੀ ਰਚਨਾ ਦਾ ਵਸਤੂ ਬਣਨੇ ਉਨੇ ਹੀ ਸਹਿਜ ਸਭਾਵਿਕ ਹਨ ਜਿੰਨਾ ਕਿ ਬਾਹਰ ਦਿਸਦੇ ਸਮਾਜ ਦੀ ਅੰਤਰ ਵਿੱਰਧ ਅਤੇ ਵਿਰੋਧਾਭਾਸ। ਅੱਜ ਦਾ ਸਾਹਿਤਕਾਰ ਔਰਤ-ਮਰਦ ਸੰਬੰਧਾਂ ਦੀ ਸਮੱਸਿਆ ਵੱਲ ਸਭ ਤੋਂ ਜ਼ਿਆਦਾ ਖਿੱਚਿਆ ਗਿਆ ਹੈ ਅਤੇ ਉਸ ਨੇ ਕਈ ਪਹਿਲੂਆਂ ਤੋਂ ਉਸ ਦੀ ਵਿਆਖਿਆ ਕੀਤੀ ਹੈ ਅਤੇ ਇਸ ਸੰਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਉਹ ਮਨੁੱਖ ਦੀਆਂ ਮਾਨਸਿਕ ਸਮੱਸਿਆਵਾਂ ਅਤੇ ਮਨ ਅੰਦਰ ਉਨ੍ਹਾਂ ਛੁਪੇ ਹੋਏ ਦਵੰਦਾਂ ਉਪਰ ਵਧੇਰੇ ਦ੍ਰਿਸ਼ਟੀ ਕੇਂਦ੍ਰਿਤ ਕਰਨ ਲੱਗ ਪਿਆ ਹੈ, ਜਿਹੜੇ ਦਵੰਦ ਉਸ ਦੇ ਸਮੁੱਚੇ ਵਿਹਾਰ ਨੂੰ ਸੰਚਾਲਿਤ ਕਰਦੇ ਹਨ। ਮਨੁੱਖ ਦੇ ਜਿਨਸੀ ਵਿਹਾਰ ਨੂੰ ਰਚਨਾ

ਦਾ ਵਸਤੂ ਬਣਾਉਣ ਸੰਬੰਧੀ ਚੇਤਨਾ ਯੂਰਪੀ ਸਾਹਿਤਕਾਰਾਂ ਵਿਚ ਭਾਵੇਂ ਕਾਫ਼ੀ ਪਹਿਲੇ ਆ ਗਈ ਸੀ, ਪਰੰਤੂ ਭਾਰਤੀ ਅਤੇ ਖਾਸ ਕਰਕੇ ਪੰਜਾਬੀ ਸਾਹਿਤ ਵਿਚ ਇਸ ਵਿਸ਼ੇ ਨੂੰ ਰਚਨਾ ਦਾ ਮਰਕਜ਼ ਥਾਪਣਾ ਇਕ ਕਿਸਮ ਦਾ ਟੈਬੂ ਹੀ ਖਿਆਲ ਕੀਤਾ ਜਾਂਦਾ ਰਿਹਾ ਹੈ। ਜਿਨਸੀ ਵਿਹਾਰ ਸੰਬੰਧੀ ਸਾਡੇ ਪਰੰਪਰਾਗਤ ਜੀਵਨ ਮੁੱਲ ਅਜੇ ਵੀ ਬਹੁਗਿਣਤੀ ਦੇ ਜੀਵਨ ਵਿਹਾਰ ਦਾ ਸਹਿਜ ਅੰਗ ਹਨ ਅਤੇ ਇਨ੍ਹਾਂ ਦੀ ਕਠੋਰਤਾ ਨਾਲ ਪਾਲਣਾ ਉਪਰ ਵੀ ਬਲਰ ਦਿੱਤਾ ਜਾਂਦਾ ਹੈ। ਇਸ ਲਈ ਅਜਿਹੀ ਸਮਾਜਕ ਸਥਿਤੀ ਵਿਚ ਜਿਹੜਾ ਰਚਨਕਾਰ ਇਨ੍ਹਾਂ ਮੁੱਲਾਂ ਤੋਂ ਪਾਰ ਜਾਣ ਦੀ ਕੋਸ਼ਿਸ਼ ਕਰਦਾ ਹੈ, ਉਸ ਦੀ ਰਚਨਾ ਸਮਾਜ ਲਈ ਇਕ ਖ਼ਤਰਾ ਸਮਝੀ ਜਾਂਦੀ ਹੈ। ਉਂਝ ਵੀ ਵੀਹਵੀਂ ਸਦੀ ਦੇ ਸ਼ੁਰੂ ਵਿਚ ਜਦੋਂ ਪੰਜਾਬੀ ਸਾਹਿਤ ਦੇ ਵਿਭਿੰਨ ਰੂਪਾਂ ਵਿੱਚ ਸਾਹਿਤ ਰਚਨਾ ਹੋਣ ਲੱਗੀ ਤਾਂ ਬਹੁਤੇ ਸਾਹਿਤਕਾਰ ਉਸ ਸਮੇਂ ਪ੍ਰਚਲਿਤ ਧਾਰਮਿਕ ਲਹਿਰਾਂ ਦੇ ਸਿੱਧੇ ਜਾਂ ਅਸਿੱਧੇ ਪ੍ਰਭਾਵ ਅਧੀਨ ਸਾਹਿਤਕ ਰਚਨਾ ਕਰ ਰਹੇ ਸਨ। ਇਨ੍ਹਾਂ ਧਾਰਮਿਕ ਲਹਿਰਾਂ ਦਾ ਵੀਹਵੀਂ ਸਦੀ ਦੇ ਸ਼ੁਰੂ ਦੇ ਸਮਾਜ ਉਪਰ ਗਹਿਰਾ ਅਸਰ ਪੈ ਰਿਹਾ ਹੈ। ਇਸ ਲਈ ਧਰਮ ਦਾ ਲਿੰਗ ਵਿਹਾਰ ਸੰਬੰਧੀ ਅਜਿਹਾ ਰਵੱਈਆ ਮਨੁੱਖ ਦੇ ਜਿਨਸੀ ਸੰਬੰਧਾਂ ਬਾਰੇ ਗੱਲ ਕਰਨੀ ਅਨੈਤਿਕ ਅਤੇ ਪਾਪ ਵਾਲੀ ਗੱਲ ਹੈ, ਵੀ ਲੇਖਕਾਂ ਨੂੰ ਅਜਿਹੇ ਵਿਸ਼ਿਆਂ ਤੋਂ ਦੂਰ ਲੈ ਗਿਆ। ਇਸ ਕੁੰਠਾ ਨੂੰ ਉਸ ਸਮੇਂ ਦਾ ਪ੍ਰਸਿੱਧ ਕਹਾਣੀਕਾਰ ਸੰਤ ਸਿੰਘ ਸੇਖੋਂ ਸਾਂਸਕ੍ਰਿਤਿਕ ਮਜ਼ਬੂਰੀ ਦਸਦਾ ਕਹਿੰਦਾ ਹੈ.... ਕਿਸੇ ਸਮੇਂ 'ਚ ਮੇਰਾ ਵੀ ਚਿੱਤ ਕਰਦਾ ਸੀ, ਇਹੋ ਜਿਹੀਆਂ ਕਹਾਣੀਆਂ ਲਿਖਣ ਨੂੰ। ਪਰ ਉਦੋਂ ਹਾਲਾਤ ਹੋਰ ਸਨ। ਸਾਡੀ ਸੋਚ ਤੇ ਹੋਰ ਵਿਚਾਰਾਂ ਦਾ ਜ਼ੋਰ ਸੀ। ਹੁਣ ਜਦ ਮੌਕਾ ਆਇਐ ਤਾਂ ਉਮਰ ਨ੍ਹੀਂ ਨਹੀਂ।"

ਹੌਲੀ ਹੌਲੀ ਇਸ ਸਥਿਤੀ ਵਿਚ ਪਰਿਵਰਤਨ ਆਉਣਾ ਸ਼ੁਰੂ ਹੋਇਆ। ਮਨੁੱਖ ਦੇ ਜਿਨਸੀ-ਸੰਬੰਧਾਂ ਨੂੰ ਮਨੁੱਖੀ ਵਿਹਾਰ ਦਾ ਅਨਿਖੜਵਾਂ ਅੰਗ ਸਵੀਕਾਰ ਕੀਤਾ ਜਾਣ ਲੱਗ ਪਿਆ। ਕੇਵਲ ਏਨਾ ਹੀ ਨਹੀਂ ਜੀਵਨ ਦੇ ਇਸ ਯਥਾਰਥ ਦਾ ਪੰਜਾਬੀ ਸਾਹਿਤ ਅਤੇ ਵਿਸ਼ੇਸ਼ ਕਰ ਪੰਜਾਬੀ ਕਹਾਣੀ ਵਿਚ ਨਿਰਸੰਕੋਚ ਵਰਣਨ ਕੀਤਾ ਜਾਣ ਲੱਗ ਪਿਆ। ਉਂਜ ਭਾਵੇਂ ਪੰਜਾਬੀ ਦੇ ਸਾਰੇ ਕਹਾਣੀਕਾਰਾਂ ਨੇ ਹੀ ਮਨੁੱਖ ਦੀਆਂ ਲਿੰਗਕ ਰੁਚੀਆਂ ਸੰਬੰਧੀ ਕਹਾਣੀਆਂ ਲਿਖੀਆਂ ਹਨ, ਪਰੰਤੂ ਕੁਲਵੰਤ ਸਿੰਘ ਵਿਰਕ, ਕਰਤਾਰ ਸਿੰਘ ਦੁੱਗਲ, ਅਜੀਤ ਕੌਰ, ਪਰੇਮ ਪ੍ਰਕਾਸ਼, ਕਿਰਪਾਲ ਕਜ਼ਾਕ ਨੇ ਵਿਸ਼ੇਸ਼ ਤੌਰ ਉਤੇ ਮਨੁੱਖ ਦੇ ਜਿਨਸੀ ਵਿਹਾਰ ਨੂੰ ਆਪਣੀਆਂ ਕਹਾਣੀਆਂ ਦਾ ਆਧਾਰ ਬਣਾਇਆ ਹੈ। ਕਰਤਾਰ ਸਿੰਘ ਦੁੱਗਲ ਦੀਆਂ ਕਹਾਣੀਆਂ 'ਅਜੇ ਪਾਕਿਸਤਾਨ ਹੀਂ ਬਣਿਆ', 'ਮੀਰਾ ਮੁਸੱਲੀ', 'ਇਕ ਕੁੜੀ ਦੀ ਗੱਲ', 'ਹਵਾਲਦਾਰ ਦੀ ਵਹੁਟੀ', 'ਗੁੱਡੀ ਤੁਰ ਪਈ', 'ਖਰੀਂਡ', 'ਵੱਡ ਵਿਚ ਇਕ ਸਵੇਰ', 'ਪਾਰੇ ਮੇਰੇ' ਆਦਿ ਮਨੁੱਖ ਦੀਆਂ ਜਿਨਸੀ ਭਾਵਨਾਵਾਂ ਨੂੰ ਪ੍ਰਗਟ



ਕਰਨ ਵਾਲੀਆਂ ਕਹਾਣੀਆਂ ਹਨ। ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ 'ਮੁਹਲੀ ਜਿਡੇ ਛੋਲੇ', 'ਸਾਬਣ ਦੀ ਚਿੱਪਰ', 'ਰੱਸ ਭਰੀਆਂ', 'ਟੱਕਰਾਂ', 'ਚੋਭੜਾਂ' ਅਤੇ ਅਜੀਤ ਕੌਰ ਦੀਆਂ 'ਫਾਲਤੂ ਔਰਤਾਂ, 'ਖੋਪੇ ਦੀ ਠੂਠੀ', 'ਪੰਜ ਰੁਪਏ ਵਾਲਾ ਕੰਮਾ' ਆਦਿ ਕਹਾਣੀਆਂ ਵਿਚ ਔਰਤ-ਮਰਦ ਦੀਆਂ ਲਿੰਗਕ ਰੁਚੀਆਂ ਦਾ ਨਿਸੰਗ ਵਰਣਨ ਹੈ। ਹੌਲੀ ਹੌਲੀ ਇਸ ਵਿਵਰਜਤ ਖੇਤਰ ਦੀ ਅਹਿਮੀਅਤ ਸਵੀਕਾਰ ਕੀਤੀ ਜਾਣ ਲੱਗੀ ਅਤੇ ਰਚਨਾ ਵਸਤੂ ਵੱਲੋਂ ਇਸ ਦੀ ਚੋਣ ਨੂੰ ਵਧੇਰੇ ਮਾਨਤਾ ਮਿਲਣ ਲੱਗ ਪਈ। ਆਲੋਚਕਾਂ ਨੇ ਜਿਨਸੀਬ ਵਿਹਾਰ ਦੇ ਸਾਹਿਤਕ ਪ੍ਰਗਟਾਵੇ ਨੂੰ ਲੈ ਕੇ ਕਈ ਤਰ੍ਹਾਂ ਦੇ ਵਿਵਾਦ ਵੀ ਖੜ੍ਹੇ ਕਰ ਦਿੱਤੇ। ਇਹ ਗੱਲ ਵਧੇਰੇ ਮਹੱਤਵ ਗ੍ਰਹਿਣ ਕਰ ਗਈ ਕਿ ਕੋਈ ਰਚਨਾਕਾਰ ਆਪਣੀ ਰਚਨਾ ਵਿਚ ਮਨੁੱਖ ਦੇ ਜਿਨਸੀ-ਵਿਹਾਰ ਨੂੰ ਕਿਸ ਤਰ੍ਹਾਂ ਪੇਸ਼ ਕਰਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਸਾਹਿਤ ਨੂੰ ਪਰਖਣ ਵਾਲੇ ਮਾਪਦੰਡਾਂ ਨੇ ਸਾਹਿਤ ਵਿਚ ਅਸ਼ਲੀਲਤਾ ਦੀ ਸਮੱਸਿਆ ਨੂੰ ਇਕ ਭਖਵੀਂ ਸਮੱਸਿਆ ਬਣਾ ਦਿੱਤਾ। ਮਨੁੱਖ ਦੇ ਜਿਨਸੀ ਵਿਹਾਰ ਦਾ ਸਾਹਿਤਕ ਪ੍ਰਗਟਾਅ ਉਸ ਸੀਮਾ ਤੱਕ ਹੀ ਪ੍ਰਵਾਨਗੀ ਯੋਗ ਮੰਨਿਆ ਗਿਆ, ਜਿਥੋਂ ਤਕ ਉਹ ਅਸ਼ਲੀਲ ਨਹੀਂ ਸੀ। ਅਜਿਹੇ ਆਲੋਚਕਾਂ ਦਾ ਇਹ ਖਿਆਲ ਸੀ ਕਿ ਮਨੁੱਖ ਦੇ ਲਿੰਗ ਵਿਹਾਰ ਜਾਂ ਉਸ ਦੀਆਂ ਮਨੋਵਿਗਿਆਨਕ ਸਮੱਸਿਆਵਾਂ ਦੀ ਆੜ ਵਿੱਚ ਲਿੰਗ ਸੰਬੰਧਾਂ ਨੂੰ ਪ੍ਰਗਟਾਉਣ ਵਾਲੇ ਲੇਖਕ, ਪਾਠਕ ਦੀਆਂ ਜਿਨਸੀ ਭਾਵਨਾਵਾਂ ਨੂੰ ਉਤੇਜਿਤ ਕਰਨ ਵੱਲ ਵਧੇਰੇ ਰੁਚਿਤ ਹੁੰਦੇ ਹਨ। ਅਜਿਹੇ ਅਸ਼ਲੀਲ ਬਿਆਨਾਂ ਰਾਹੀਂ ਲੇਖਕ, ਪਾਠਕ ਦੀ ਜਿਨਸੀ ਖਿੱਚ ਨੂੰ ਵੀ ਉਭਾਰਦਾ ਹੈ ਅਤੇ ਆਪ ਵੀ ਚਟਖਾਰੇ ਲੈਂਦਾ ਹੈ। ਪੰਜਾਬੀ ਸਾਹਿਤ ਵਿਚ ਕਹਾਣੀਕਾਰ ਕਰਤਾਰ ਸਿੰਘ ਦੁੱਗਲ ਅਜਿਹੀ ਆਲੋਚਨਾ ਦਾ ਸ਼ਿਕਾਰ ਵਧੇਰੇ ਰਿਹਾ ਹੈ ਅਤੇ ਇਸ ਵਿਚ ਕੋਈ ਸੰਦੇਹ ਨਹੀਂ ਕਿ ਦੁੱਗਲ ਮਨੁੱਖ ਦੇ ਜਿਨਸੀ ਵਿਹਾਰ ਨੂੰ ਪ੍ਰਗਟਾਉਣ ਵਾਲੀਆਂ ਬਹੁਤੀਆਂ ਕਹਾਣੀਆਂ ਵਿੱਚ ਮਨੁੱਖ ਦੀਆਂ ਜਿਨਸੀ ਭਾਵਨਾਵਾਂ ਨੂੰ ਲੋੜ ਤੋਂ ਵੱਧ ਤੂਲ ਦੇ ਰਿਹਾ ਨਜ਼ਰ ਆਉਂਦਾ ਹੈ। ਉਸ ਦੀ ਇਕ ਕਹਾਣੀ 'ਅਜੇ ਪਾਕਿਸਤਾਨ ਨਹੀਂ ਬਣਿਆ' ਇਸ ਸੰਬਧ ਵਿਚ ਵੇਖੀ ਜਾ ਸਕਦੀ ਹੈ ਅਤੇ ਸਾਹਿਤ ਵਿਚ ਅਸ਼ਲੀਲਤਾ ਨੂੰ ਮਾਪਣ ਵਾਲੇ ਕਿਹੜੇ ਮਾਪਦੰਡ ਹਨ, ਇਹ ਗੱਲ ਸਾਹਿਤ ਆਲੋਚਕਾਂ ਲਈ ਸਮੱਸਿਆ ਬਣੀ ਹੋਈ ਹੈ। ਫਿਰ ਵੀ ਇਹ ਗੱਲ ਸਵੀਕਾਰ ਕੀਤੀ ਜਾਂਦੀ ਹੈ ਕਿ ਅਜਿਹੀ ਰਚਨਾ ਜਿਸ ਵਿਚ ਜਿਨਸੀ ਵਿਹਾਰ ਦਾ ਵਰਣਨ ਲੋੜੋਂ ਵੱਧ ਪਾਠਕ ਦੀਆਂ ਕਾਮ ਭਾਵਨਾਵਾਂ ਨੂੰ ਉਤੇਜਿਤ ਕਰਨ ਦੀ ਬਜਾਇ ਰਚਨਾ ਦੀ ਮੁੱਖ ਸਮੱਸਿਆ ਨੂੰ ਉਭਾਰਨ ਲਈ ਕੀਤਾ ਗਿਆ ਹੋਵੇ, ਉਸ ਨੂੰ ਅਸ਼ਲੀਲ ਨਹੀਂ ਗਿਣਿਆ ਜਾਣਾ ਚਾਹੀਦਾ। ਲਿੰਗ ਵਿਹਾਰ ਦਾ ਵਰਣਨ ਕਰਦਿਆਂ ਰਚਨਾ ਦਾ ਫੋਕਸ ਮੁੱਖ ਸਮੱਸਿਆ ਦੀ ਬਜਾਇ ਭਾਵਨਾਵਾਂ ਨੂੰ ਉਤੇਜਿਤ ਕਰਨ ਵਾਲੇ ਪਾਸੇ ਨਹੀਂ ਖਿਸਕ ਜਾਣਾ ਚਾਹੀਦਾ। ਹੁਣ ਜਦ ਕਿ ਸਾਹਿਤ ਵਿੱਚ ਮਨੁੱਖ ਦੇ

ਜਿਨਸੀ ਸਬੰਧਾਂ ਬਾਰੇ ਪ੍ਰਗਟਾਵੇ ਨੂੰ ਮਾਨਤਾ ਮਿਲ ਚੁੱਕੀ ਹੈ ਤਾਂ ਇਸ ਦੇ ਸੰਤੁਲਿਤ ਪ੍ਰਗਟਾਵੇ ਉਪਰ ਵੀ ਵਿਸੇਸ਼ ਬਲ ਦਿੱਤਾ ਜਾਣ ਲੱਗ ਪਿਆ ਹੈ। ਪੰਜਾਬੀ ਕਹਾਣੀ ਜਗਤ ਵਿਚ ਮਨੁੱਖ ਦੇ ਜਿਨਸੀ ਵਿਹਾਰ ਨੂੰ ਵਧੇਰੇ ਸਫ਼ਲਤਾ ਨਾਲ ਪ੍ਰਗਟਾਉਣ ਵਾਲਾ ਕਹਾਣੀਕਾਰ ਪ੍ਰੇਮ ਪ੍ਰਕਾਸ਼ ਹੈ। ਪੰਜਾਬੀ ਸਾਹਿਤ ਵਿਚ ਉਸ ਦੀ ਸਥਾਪਿਤ ਉਨ੍ਹਾਂ ਕਹਾਣੀਆਂ ਸਦਕਾ ਹੀ ਹੋਈ ਹੈ, ਜਿਨ੍ਹਾਂ ਵਿਚ ਉਸ ਨੇ ਔਰਤ-ਮਰਦ ਦੇ ਜਿਨਸੀ ਵਿਹਾਰ ਨੂੰ ਬੜੀ ਬਾਰੀਕੀ ਨਾਲ ਚਿਤਰਿਆ ਹੈ।

**ਸਿੱਖ ਨੈਸ਼ਨਲ ਕਾਲਜ ਬੰਗਾ -1**
**94640-20255**

□□□

# ਮਿੰਨੀ ਕਹਾਣੀਆਂ

## ਗੱਲੀਂ ਅਸੀਂ ਚੰਗੀਆਂ

**ਰਘਬੀਰ ਸਿੰਘ ਮਹਿਮੀ**

ਉਸ ਨੂੰ ਔਰਤ ਪ੍ਰਤੀ ਬਹੁਤ ਹਮਦਰਦੀ ਸੀ। ਔਰਤਾਂ 'ਤੇ ਹੋ ਰਹੇ ਜ਼ੁਲਮਾਂ ਨੂੰ ਰੋਕਣ ਅਤੇ ਸਮਾਜ ਵਿੱਚ ਔਰਤ ਨੂੰ ਮਰਦ ਦੇ ਬਰਾਬਰ ਥਾਂ ਦਿਵਾਉਣ ਵਿੱਚ ਉਸ ਦੀ ਆਵਾਜ਼ ਹਰ ਸਮਾਗਮ ਵਿੱਚ ਗੂੰਜਦੀ ਰਹਿੰਦੀ। "ਸੋ ਕਿਉਂ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ" ਗੁਰੂ ਨਾਨਕ ਦੇਵ ਜੀ ਦੇ ਉਚਾਰੇ ਇਸ ਪਵਿੱਤਰ ਸ਼ਬਦ 'ਤੇ ਪਹਿਰਾ ਦੇਣਾ ਹੀ ਉਸ ਨੇ ਆਪਣੀ ਜਿੰਦਗੀ ਦਾ ਮੰਤਵ ਬਣਾ ਲਿਆ ਸੀ।

"ਔਰਤਾਂ ਦੇ ਸ਼ੋਸ਼ਣ ਲਈ ਕੌਣ ਜੁੰਮੇਵਾਰ ?" ਦੇ ਵਿਸ਼ੇ 'ਤੇ ਅੱਜ ਉਹ ਇਕ ਧੜੱਲੇਦਾਰ ਭਾਸ਼ਣ ਦੇ ਕੇ ਦੇਰੀ ਨਾਲ ਘਰ ਪਰਤਿਆ ਸੀ।

ਉਸ ਦੀ ਸੁਸ਼ੀਲ ਪਤਨੀ ਨੇ ਚਾਹ ਪਾਣੀ ਦੇਣ ਤੋਂ ਬਾਅਦ ਉਸ ਲਈ ਖਾਣਾ ਟੇਬਲ 'ਤੇ ਲਗਾ ਦਿੱਤਾ। ਉਸ ਨੇ ਇੱਕ ਬੁਰਕੀ ਹੀ ਮੂੰਹ 'ਚ ਪਾਈ ਸੀ ਕਿ ਉਹ ਸੂਈ ਕੁੱਤੀ ਵਾਂਗ ਭੜਕਿਆ -

"ਭੈਣ.... ਹਰਾਮਜਾਦੀ, ਕੁੱਤੀਏ, ਵੀਹ ਸਾਲ ਹੋ ਗਏ ਤੈਨੂੰ ਰੋਟੀ-ਪਾਣੀ ਕਰਦਿਆਂ ਨੂੰ ਤੈਨੂੰ ਏਜੇ ਤੱਕ ਸਬਜ਼ੀ ਬਣਾਉਣੀ ਨ੍ਹੀਂ ਆਈ ? ਮਿਰਚਾਂ ਹੀ ਮਿਰਚਾਂ ਪਾ ਰੱਖੀਆਂ।" ਰੋਟੀ ਵਾਲੀ ਥਾਲੀ ਉਸ ਨੇ ਪਤਨੀ ਦੇ ਪੈਰਾਂ 'ਤੇ ਵਗਾਹ ਮਾਰੀ।

**220, ਗਰੀਨ ਪਾਰਕ ਕਲੋਨੀ**
**ਸਰਹਿੰਦ ਰੋਡ, ਪਟਿਆਲਾ-147004, ਮੋ. 96460-24321**



## ਅਣਖਾਂ ਵਾਲੇ

**ਭੀਮ ਸਿੰਘ ਗਰਚਾ**

ਮੁੰਡੇ ਨੇ ਕਾਲਜ ਨੂੰ ਜਾ ਰਹੀ ਕੁੜੀ ਦੇ ਸਾਈਕਲ ਦਾ ਹੈਂਡਲ ਫੜਕੇ ਉਸ ਨੂੰ ਇੱਕੋ ਝਟਕੇ ਨਾਲ ਰੋਕ ਲਿਆ ਤੇ ਫਿਰ ਉਹ ਉਸ ਦੀਆਂ ਅੱਖਾਂ ਵਿੱਚ ਅੱਖਾਂ ਪਾਉਂਦਾ ਹੋਇਆ ਝੱਟ ਬੋਲਿਆ :"ਸੋਹਣੀਏ, ਮੇਰੇ ਨਾਲ ਯਾਰੀ ਲਾ ਕੇ ਵੇਖ, ਮੌਜਾਂ ਕਰੇਂਗੀ ਮੌਜਾਂ। ਮੈਂ ਕੋਈ ਮਾਮੂਲੀ ਘਰ ਦਾ ਲੜਕਾ ਨਹੀਂ ਹਾਂ। ਬਹੁਤ ਹੀ ਅਮੀਰ ਅਤੇ ਅਣਖੀ ਪਿਉ ਦਾ ਪੁੱਤ ਹਾਂ। ਆਪਣੇ ਪਿਉ ਵਾਂਗ ਅਣਖ ਦੀ ਖਾਤਰ ਮੈਂ ਵੀ ਮਿੰਟਾਂ 'ਚ ਹੀ ਮਰਨ-ਮਾਰਨ ਲਈ ਤਿਆਰ ਹੋ ਜਾਨੈਂ।"

ਕੁੜੀ ਉਸਦੇ ਚਿਹਰੇ ਵੱਲ ਗਹੁ ਨਾਲ ਵੇਖਦੀ ਹੋਈ ਇਕ ਦਮ ਬੋਲੀ - "ਤੇਰਾ ਮੁਹਾਂਦਰਾ ਤਾਂ ਮੇਰੇ ਨਾਲ ਪੜ੍ਹ ਰਹੀ ਧਰਮਗੜ੍ਹ ਵਾਲੀ ਪੰਮੀ ਨਾਲ ਮਿਲਦੈ।

ਮੈਨੂੰ ਤਾਂ ਤੂੰ ਉਸਦਾ ਹੀ ਭਰਾ ਲਗਦੈਂ।"

"ਹਾਂ, ਮੈਂ ਉਸ ਦਾ ਹੀ ਭਰਾ ਹਾਂ।" ਮੁੰਡੇ ਦੇ ਮੂੰਹੋਂ ਸਹਿਜ ਸੁਭਾਅ ਹੀ ਨਿਕਲ ਗਿਆ। ਹੁਣ ਕੁੜੀ ਬਹੁਤ ਹੀ ਦਲੇਰੀ ਭਰੇ ਲਹਿਜ਼ੇ ਵਿੱਚ ਬੋਲੀ -"ਤੇਰੀ ਭੈਣ ਪੰਮੀ ਨੇ ਤਾਂ ਹੱਦ ਹੀ ਕਰ ਦਿੱਤੀ ਐ। ਇੱਕ ਮੁੰਡੇ ਨਾਲ ਪਿਆਰ ਪਾ ਕੇ ਉਹ ਉਸ ਨਾਲ ਬਹੁਤਾ ਚਿਰ ਨਹੀਂ ਨਿਭਾਉਂਦੀ, ਸਗੋਂ ਝੱਟ ਦੂਜੇ ਦੀਆਂ ਬਾਹਾਂ ਵਿੱਚ ਚਲੀ ਜਾਂਦੀ ਐ। ਉਸ ਦੀ ਕਾਲਜ 'ਚ ਏਨੀ ਬਦਨਾਮੀ ਹੋ ਚੁੱਕੀ ਹੈ ਐ ਕਿ ਕਾਲਜ ਦੀ ਕੋਈ ਵੀ ਕੁੜੀ ਉਸ ਨਾਲ ਗੱਲ ਕਰਕੇ ਵੀ ਰਾਜ਼ੀ ਨਹੀਂ ਐ।" ਕੁਝ ਚਿਰ ਰੁਕਦੀ ਹੋਈ ਉਹ ਫਿਰ ਬੋਲੀ - "ਮੈਂ ਹੈਰਾਨ ਹਾਂ ਕਿ ਤੇਰੇ ਵਰਗੇ ਅਣਖੀ ਭਰਾ ਦੀ ਭੈਣ ਹੋ ਕੇ ਵੀ ਉਹ ਆਪ ਅਣਖ ਨਾਲ ਜਿਉਣਾ ਕਿਉਂ ਨਹੀਂ ਸਿਖ ਸਕੀ ?"

ਹੁਣ ਉਹ ਮੁੰਡਾ ਉਥੋਂ ਭੱਜਣ ਲਈ ਕੋਈ ਨਾ ਕੋਈ ਬਹਾਨਾ ਲੱਭ ਰਿਹਾ ਸੀ।

**ਪਿੰਡ ਰਾਏਪੁਰ ਰਾਜਪੂਤਾਂ, ਡਾਕ - ਬੀਜ਼ਾ (ਲੁਧਿਆਣਾ), 98143-51394**


□□□

## ਪਤੀ ਪਰਮੇਸ਼ਵਰ

**ਸੁਖਚੈਨ ਸਿੰਘ ਭੰਡਾਰੀ**

ਉਹ ਹਮੇਸ਼ਾ ਆਪਣੀ ਬੀਵੀ ਤੇ ਵਰ੍ਹਦਾ। ਉਹ ਚੁਪ ਰਹਿੰਦੀ। ਕਈ ਐਸੇ ਪਲ ਵੀ ਆਏ ਜਦੋਂ ਉਸ ਨੇ ਆਪਣੀ ਪਤਨੀ ਨੂੰ ਲੱਤਾਂ-ਮੁੱਕਿਆਂ 'ਤੇ ਵੀ ਲਿਆ। ਉਹ ਫਿਰ ਵੀ ਚੁੱਪ ਰਹੀ। ਸ਼ਾਇਦ ਇਹੀ ਚੁੱਪ ਮਰਦ ਨੂੰ ਸ਼ੇਰ ਬਣਾਈ ਜਾ ਰਹੀ ਸੀ।

ਇਸੇ ਤਰ੍ਹਾਂ ਜ਼ਿੰਦਗੀ ਦੇ ਵੀਹ ਸਾਲ ਗੁਜ਼ਰ ਗਏ। ਤਿੰਨ ਬਾਲਾਂ ਵਿੱਚੋਂ ਵੱਡਾ ਮੁੰਡਾ



ਸੋਨੂੰ, ਕਾਲੇਜ ਜਾ ਚੁਕਿਆ ਸੀ। ਵਿਚਕਾਰਲੀ ਮੁੰਨੀ ਤੇ ਨਿੱਕਾ ਚੀਕੂ, ਸਕੂਲ ਭਰਤੀ ਹੋ ਗਏ ਸਨ। ਪਰ ਘਰਵਾਲੇ ਦੇ ਸੁਭਾਅ ਵਿੱਚ ਉਹੀ ਕਾਲੇ ਪਹਾੜ ਵਰਗੀ ਸਖ਼ਤੀ ਕਾਇਮ ਰਹੀ। ਘਰਵਾਲੀ ਖਾਮੋਸ਼ ਸੀ। ਸ਼ਾਇਦ ਪਹਿਲਾਂ ਉਸ ਨੂੰ ਪਤੀ ਦੀ ਲਾਜ ਮਾਰਦੀ ਸੀ ਤੇ ਹੁਣ ਬੱਚਿਆਂ ਦੀ।

... ਤੇ ਫਿਰ ਬੱਚੇ ਵਿਆਹੇ ਗਏ। ਪਤੀ ਬੁੱਢਾ ਹੋ ਗਿਆ। ਪਤਨੀ ਦੇ ਵਾਲ ਚਿੱਟੇ ਹੋ ਗਏ। ਚਿਹਰੇ 'ਤੇ ਢਲਦੀ ਉਮਰ ਦੇ ਪਰਛਾਵੇਂ ਖਿੱਲਰ ਗਏ। ਮਰਦ ਸਾਰਾ ਦਿਨ ਮੰਜੇ ਉਤੇ ਪਿਆ ਪਿਆ ਖੰਘਦਾ ਰਹਿੰਦਾ। ਔਰਤ ਜਿੰਨਾ ਬਣ ਪੈਂਦਾ ਸੇਵਾ ਕਰਦੀ। ਇੱਕ ਦਿਨ ਜਦੋਂ ਉਹ ਉਸ ਦੇ ਪੈਰ ਦਬਾਅ ਰਹੀ ਸੀ ਤਾਂ ਪਤੀ ਨੇ ਮਰੀ ਜਿਹੀ ਆਵਾਜ਼ ਵਿੱਚ ਪੁੱਛਿਆ, 'ਮੰਗਲਾ! ਮੈਂ ਤੈਨੂੰ ਹਮੇਸ਼ਾ ਦੁੱਖ ਦਿੱਤਾ। ਤੂੰ ਚੁੱਪ ਰਹੀ।.... ਮੈਂ ਤੇਰੀਆਂ ਖੁਸ਼ੀਆਂ ਦਾ ਕਦੀ ਖ਼ਿਆਲ ਨਾ ਕੀਤਾ, ਫਿਰ ਵੀ ਤੂੰ ਖ਼ਾਮੋਸ਼ੀ ਨਾਲ ਸਹਿੰਦੀ ਰਹੀ... ਤੇ ਹੁਣ ਜਦੋਂ ਕਿ ਮੈਂ ਬੁੱਢਾ ਹੋ ਕੇ ਮੰਜੀ ਫੜ ਲਈ ਹੈ, ਤਾਂ ਵੀ ਤੂੰ ਪਹਿਲਾਂ ਵਾਂਗ ਹੀ ਮੇਰੀ ਖ਼ਿਦਮਤ ਵਿਚ ਲੱਗੀ ਰਹਿੰਦੀ ਹੈਂ।... ਹੁਣ ਚਾਹਵੇਂ ਤਾਂ ਮੈਥੋਂ ਬਦਲਾ ਲੈ ਸਕਦੀ ਹੈਂ?

ਇਸ ਤੇ ਬੀਵੀ ਦੇ ਅੰਦਰੋਂ ਜਿਵੇਂ ਕਈ ਸਾਲਾਂ ਤੋਂ ਦੱਬਿਆ ਲਾਵਾ ਫੁੱਟ ਪਿਆ। ਉਹ ਡਸਕੋਰੇ ਲੈਂਦੀ ਹੋਈ ਬੋਲੀ -"ਜਦੋਂ ਮੈਂ ਡੋਲੀ ਵਿਚ ਬਹਿ ਰਹੀ ਸੀ ਤਾਂ ਮਾਂ ਨੇ ਕਿਹਾ ਸੀ ਕਿ ਮਰਦ ਪਰਮੇਸ਼ਵਰ ਹੁੰਦਾ ਹੈ। ਮੈਂ ਆਪਣਾ ਧਰਮ ਨਿਭਾਇਆ ਏ ਜੀ!"

**ਆਰੀਆ ਸਮਾਜ ਕਰੋਡ,, ਸਿਰਸਾ (ਹਰਿਆਣਾ) 125055,**
**94660-02336**

□□□

## ਦਾਜ

**ਨਿਸ਼ਾਨ ਸਿੰਘ ਜੌਹਲ**

ਇਕ ਕਹਾਣੀਕਾਰ ਦਾਜ ਬਾਰੇ ਲਿਖਣ ਬੈਠਾ। ਪਰ ਕਈਆਂ ਕੋਸ਼ਿਸ਼ਾਂ ਦੇ ਬਾਵਜੂਦ ਕੁਝ ਨਹੀਂ ਸੀ ਲਿਖਿਆ ਜਾ ਰਿਹਾ....। ਏਨੇ ਚਿਰ ਨੂੰ ਦੂਸਰਾ ਲਿਖਾਰੀ ਦੋਸਤ ਮਿਲਣ ਆ ਗਿਆ।

ਉਸੇ ਨੇ ਗੱਲਬਾਤ ਸ਼ੁਰੂ ਕਰਦਿਆਂ ਪੁੱਛਿਆ

"ਯਾਰ ਤੂੰ ਅੱਜ ਦਾਜ ਬਾਰੇ ਅਤੇ ਹੋਰ ਬੁਰਾਈਆਂ ਬਾਰੇ ਲਿਖਣਾ ਸੀ, ਲਿਖਿਆ ਕੁਝ....। ਕੱਲ ਆਪਾਂ ਵਿਚਾਰ ਚਰਚਾ ਕਰ ਰਹੇ ਸਾਂ।"

ਕਹਾਣੀਕਾਰ ਨੇ ਠੰਡਾ ਹੌਕਾ ਭਰਦਿਆਂ ਜਵਾਬ ਦਿੱਤਾ ਕਿ ਜਦੋਂ ਦਾ ਲਿਖਣ ਬੈਠਾ ਹਾਂ, ਤੇਰੀ ਭਾਬੀ ਵਾਰ-ਵਾਰ ਅੱਗੇ ਆ ਜਾਂਦੀ ਹੈ। ਕੁਝ ਨਹੀਂ ਲਿਖਿਆ ਜਾ ਰਿਹਾ।"



"ਪਰ ! ਭਾਬੀ ਕਿਉਂ ? ... ਦੋਸਤ ਕਾਰਣ ਪੁੱਛਦਾ ਹੈ।

ਕਹਾਣੀਕਾਰੀ ਨੇ ਠੰਡਾ ਲੰਮਾ ਹੌਕਾ ਭਰ ਕੇ ਜਵਾਬ ਦਿੱਤਾ "ਤੇਰੀ ਭਾਬੀ ਨੂੰ ਵੀ ਦਾਜ ਘਟ ਲਿਆਉਣ ਕਰਕੇ ਹੀ ਮੈਂ ਤਲਾਕ ਦਿੱਤਾ ਸੀ।"

**ਪਿੰਡ ਤੇ ਡਾਕ ਵਡਾਲਾ ਜੌਹਲ**
**ਅੰਮ੍ਰਿਤਸਰ -143113**

□□□

## ਵਿਉਪਾਰ

**ਭੁਪਿੰਦਰ ਸਿੰਘ ਆਸ਼ਟ**

ਬਲਤੇਜ ਸਿੰਘ ਦੀ ਪੰਜ ਕੁ ਸਾਲ ਦੀ ਪੋਤਰੀ ਵਿਸ਼ਵਜੀਤ ਕਿਸੇ ਗੱਲ ਤੋਂ ਰੁੱਸੀ ਜਿਹੀ ਬੈਠੀ ਸੀ। ਉਹਨੂੰ ਮਨਾਉਣ ਦੀ ਮਨਸ਼ਾ ਨਾਲ ਬਲਤੇਜ ਸਿੰਘ ਉਹਦਾ ਗੋਭਲਾ ਜਿਹਾ ਹੱਥ ਫੜਕੇ ਉਸ ਨੂੰ ਲਾਲਾ ਦੇਵੀ ਦਿਆਲ ਦੀ ਹੱਟੀ ਵੱਲ ਲੈ ਤੁਰਿਆ। ਲਾਲਾ ਦੇਵੀ ਦਿਆਲ ਦੀ ਹੱਟੀ ਇਕ ਅੰਗਰੇਜ਼ੀ ਸਕੂਲ ਦੇ ਨਜ਼ਦੀਕ ਸੀ ਜਿਥੇ ਅਕਸਰ ਵਿਦਿਆਰਥੀਆਂ ਦਾ ਇਕ ਮੇਲਾ ਜਿਹਾ ਲੱਗਿਆ ਰਹਿੰਦਾ ਸੀ।

ਬਲਤੇਜ ਸਿੰਘ ਨੇ ਦੇਵੀ ਦਿਆਲ ਤੋਂ ਚਾਕਲੇਟ ਦਾ ਇਕ ਪੈਕਟ ਲਿਆ। ਉਸ ਵਿਚੋਂ ਇਕ ਪੀਸ ਤੋੜ ਕੇ, ਆਪਣੀ ਪੋਤੀ ਨੂੰ ਦੇਣ ਮਗਰੋਂ, ਉਸ ਵਿਚੋਂ ਕੁਝ ਹਿੱਸਾ, ਉਨ੍ਹਾਂ ਲਾਲਾ ਦੇਵੀ ਦਿਆਲ ਦੇ ਮੁੰਡੇ ਨੂੰ ਵੀ ਦੇ ਦਿੱਤਾ, ਜੋ ਕਿ ਕੁਦਰਤੀ ਆਪਣੇ ਪਿਤਾ ਦੀ ਦੁਕਾਨ ਤੇ ਆਇਆ ਹੋਇਆ ਸੀ।

"ਉਹੋ, ਸਰਦਾਰ ਜੀ, ਇਹ ਤੁਸੀਂ ਕੀ ਕੀਤਾ? ਮੇਰੇ ਮੁੰਡੇ ਨੂੰ ਵੀ ਖਾਣ ਵਾਸਤੇ ਚਾਕਲੇਟ ਦੇ ਦਿੱਤਾ? ਇਸ ਨੂੰ ਖਾ ਕੇ, ਕਿਤੇ ਇਸਦੀ ਤਬੀਅਤ ਹੀ ਨਾ ਵਿਗੜ ਜਾਵੇ। ਇਸ ਨੂੰ ਤਿਆਰ ਕਰਨ ਵਾਲੇ ਪਤਾ ਨਹੀਂ ਇਹਦੇ ਵਿਚ ਕੀ ਕੀ ਪਾਉਂਦੇ ਨੇ।..... ਕੱਲਾ ਕੱਲਾ ਮੁੰਡਾ ਹੈ ਮੇਰਾ ਤਾਂ। ਦੇਵੀ ਦਿਆਲ ਜਲਦਬਾਜ਼ੀ 'ਚ ਬੋਲਿਆ।

"ਪਰ ਲਾਲਾ ਜੀ। ਜਿੰਨਾ ਭੋਲੇ ਭਾਲੇ ਬੱਚਿਆਂ ਨੂੰ, ਤੁਸੀਂ ਇਹ ਗੋਲੀਆਂ-ਚਾਕਲੇਟ ਵੇਚ ਵੇਚ ਕੇ ਕਮਾਈ ਕਰ ਰਹੇ ਹੋ, ਕੀ ਤੁਸੀਂ ਕਦੇ ਉਹਨਾਂ ਦੀਆਂ ਜ਼ਿੰਦਗੀਆਂ ਬਾਰੇ ਵੀ ਸੋਚਿਆ ਹੈ? ਉਹਨਾਂ ਦੀਆਂ ਜ਼ਿੰਦਗੀਆਂ ਵੀ ਤੇਰੇ ਲਾਡਲੇ ਵਾਂਗ ਹੀ ਕੀਮਤੀ ਹਨ। ਆਪ ਨੂੰ ਉਨ੍ਹਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰਨਾ ਸ਼ੋਭਾ ਨਹੀਂ ਦਿੰਦਾ।

ਬਲਤੇਜ ਸਿੰਘ ਦਾ ਖ਼ਰਾ ਜਵਾਬ ਸੁਣ ਕੇ ਲਾਲਾ ਪਾਣੀ ਪਾਣੀ ਹੋ ਗਿਆ । ਉਸ ਵਿਚ ਬਲਤੇਜ ਸਿੰਘ ਨਾਲ ਅੱਖ ਮਿਲਾਉਣ ਦੀ ਹਿੰਮਤ ਬਾਕੀ ਨਹੀਂ ਸੀ।

**ਪਿੰਡ ਤੇ ਡਾਕਘਰ ਘੱਗਾ ਤਹਿਸਲੀ ਪਾਤੜਾਂ (ਪਟਿਆਲਾ) 147102**
**ਮੋ. 99152-95279**

□□□

# ਅਫ਼ਸਰੀ ਰੋਅਬ

**ਸਤਵਿੰਦਰ ਬੇਗੋਵਾਲੀਆ**



ਸਕੂਲ ਵਿੱਚ ਸਵੇਰ ਦੀ ਸਭਾ ਦਾ ਸਮਾਂ ਹੋਇਆ ਹੀ ਸੀ, ਵਿਦਿਆਰਥੀ ਕਤਾਰਾਂ ਵਿੱਚ ਖੜ੍ਹੇ ਹੋ ਗਏ। ਅਧਿਆਪਕ ਆਲੇ ਦੁਆਲੇ ਖੜ੍ਹੇ ਹੋ ਕੇ ਵਿਦਿਆਰਥੀਆਂ ਉਪਰ ਨਜ਼ਰਾਂ ਰੱਖ ਰਹੇ ਸਨ। ਅਚਾਨਕ ਜ਼ਿਲ੍ਹਾ ਸਿੱਖਿਆ ਅਫ਼ਸਰ ਤਿੰਨ ਚਾਰ ਸਾਥੀਆਂ ਨਾਲ ਆ ਪਹੁੰਚੇ। ਅਧਿਆਪਕਾਂ ਨੂੰ ਝਿੜਕਦੇ ਹੋਏ ਕਹਿਣ ਲੱਗੇ ਆ, "ਮਾਰਨਿੰਗ ਅਸੈਂਬਲੀ ਹੋ ਰਹੀ ਏ ?" ਇਕ ਦਮ ਸੰਨਾਟਾ ਛਾ ਗਿਆ। ਰਾਸ਼ਟਰੀ ਗਾਣ ਤੋਂ ਬਾਅਦ ਵਿਦਿਆਰਥੀਆਂ ਨੂੰ ਕਤਾਰਾਂ ਵਿੱਚ ਬਿਠਾ ਦਿੱਤਾ ਗਿਆ। ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ, "ਇਹਨਾਂ ਵਿਦਿਆਰਥੀਆਂ ਦਾ ਭਵਿੱਖ ਅਧਿਆਪਕਾਂ ਦੇ ਕੰਮ ਕਾਰ ਤੇ ਟਿਕਿਆ ਹੋਇਐ। ਮੈਂ ਇਹ ਵੇਖ ਕੇ ਦੁਖੀ ਹੁੰਦਾ ਹਾਂ ਕਿ ਪੜ੍ਹਾਉਣ ਵਾਲਾ ਕੋਈ ਵਿਰਲਾ ਅਧਿਆਪਕ ਹੀ ਰਹਿ ਗਿਐ। ਬਾਕੀ ਸਾਰੇ ਕੰਮ ਚੋਰ ਨੇ। ਸਾਡੇ ਸਮੇਂ ਕਈ ਅਧਿਆਪਕ ਕੁਰਸੀਆਂ ਤੇ ਬੈਠੇ ਬੈਠੇ ਸੌਂ ਜਾਂਦੇ ਸੀ। ਮੈਂ ਤੁਹਾਨੂੰ ਅਨੁਸ਼ਾਸਨ ਦਾ ਪਾਠ ਪੜ੍ਹਾ ਕੇ ਹੀ ਜਾਵਾਂਗਾ।" "ਕਿਸ ਤਰ੍ਹਾਂ ਦੇ ਅਨੁਸ਼ਾਸਨ ਦਾ ਪਾਠ ਪੜ੍ਹਾ ਰਹੇ ਹੋ ਡੀ.ਈ.ਓ. ਸਾਹਿਬ ?" ਅਚਾਨਕ ਪਿਛਲੇ ਪਾਸਿਓਂ ਰੋਅਬ ਵਾਲੀ ਆਵਾਜ਼ ਕੰਨੀਂ ਪਈ। ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਚਿਹਰਾ ਘੁੰਮਾ ਕੇ ਵੇਖਿਆ ਤਾਂ ਸੀ.ਈ.ਓ. ਸਾਹਿਬ ਨਜ਼ਰੀਂ ਪਏ। ਜ਼ਿਲ੍ਹਾ ਸਿੱਖਿਆ ਅਫ਼ਸਰ ਦੀ ਆਵਾਜ਼ ਲੜਖੜਾਉਣ ਲੱਗੀ ਅਤੇ ਲੱਤਾਂ ਕੰਬਣ ਲੱਗ ਪਈਆਂ। "ਆਪਣੀ ਗੱਲ ਜਾਰੀ ਰੱਖੋ। ਡਿਸਿਪਲਨ ਦਾ ਪਾਠ ਪੜਾਓ ਇਹਨਾਂ ਅਧਿਆਪਕਾਂ ਨੂੰ। ਮੈਂ ਵੀ ਸੁਣ ਲਵਾਂ ਤੁਹਾਡੇ ਅਨਮੋਲ ਬੋਲ।" ਸੀ.ਈ.ਓ. ਨੇ ਰੋਅਬ ਵਾਲੇ ਅਫ਼ਸਰੀ ਲਹਿਜੇ ਵਿੱਚ ਚੁਣੌਤੀ ਦਿੱਤੀ। ਪਰ ਦੂਜੇ ਪਾਸੇ, ਜ਼ਿਲ੍ਹਾ ਸਿੱਖਿਆ ਅਫ਼ਸਰ ਕੰਬਦੀ ਆਵਾਜ਼ ਵਿੱਚ ਇੰਨਾ ਹੀ ਕਹਿ ਸਕਿਆ, "ਸਾਡੇ ਸਤਿਕਾਰਯੋਗ ਵੱਡੇ ਸਰ ਤੋਂ ਅਸੀਂ ਅਨੁਸ਼ਾਸ਼ਨ ਸਿੱਖਿਆ ਹੈ ਜਿਵੇਂ ਹੁਕਮ ਦੇਣਗੇ ਪਾਲਣਾ ਕਰਾਂਗੇ.... ਥੈਂਕ ਯੂ"। ਅਫ਼ਸਰੀ ਰੋਅਬ ਸੀ.ਈ.ਓ. ਦੇ ਚਿਹਰੇ ਤੇ ਸਪੱਸ਼ਟ ਨਜ਼ਰ ਆ ਰਿਹਾ ਸੀ।

□□□



# ਗੀਤ ਪਟਾਰੀ

## ਲੱਭਦੇ ਨਹੀਂ ਟਿੰਡਾਂ ਵਾਲੇ ਖ਼ੂਹ

**ਰਤਨ ਟਾਹਲਵੀ**



ਹਲ ਤੇ ਪੰਜਾਲੀਆਂ ਨਜ਼ਰ ਨਹੀਂ ਖਰਾਸ ਆਉਂਦੇ।
ਲਭਦੇ ਨਹੀਂ ਟਿੰਡਾਂ ਵਾਲੇ ਖ਼ੂਹ।
ਪਿੱਪਲ ਤੇ ਬੋਹੜ ਵੀ ਕੱਟੀ ਜਾਂਦੇ ਲੋਕ ਇਵੇਂ
ਜਿਵੇਂ ਵੱਢੀ ਗਈ ਪੰਜਾਬ ਵਾਲੀ ਰੂਹ।
ਚੱਕੀ ਵਿਚ ਦਾਣਿਆਂ ਨੂੰ ਪੀਸਦੀ ਸੀ ਬੇਬੇ,
ਫਿਰ ਮੱਕੀ ਦੀਆਂ ਰੋਟੀਆਂ ਪਕਾਂਵਦੀ।
ਮਿੱਟੀ ਦਿਆਂ ਚੁੱਲ੍ਹਿਆਂ 'ਚ ਮੱਠੀ ਮੱਠੀ ਅੱਗ ਬਾਲ,
ਫਿਰ ਸਰੋਂ ਦੇ ਸੀ ਸਾਗ ਨੂੰ ਬਣਾਂਵਦੀ।
ਸਾਰਾ ਸਾਰ ਦਿਨ ਲੋਕੀ ਬੈਠਦੇ ਸੀ ਕੱਠੇ
ਲਹਿੰਦੀ ਪੱਤੀ ਪਿੰਡ ਵਾਲੀ ਜੂਹ-
ਹਲ ਤੇ ਪੰਜਾਲੀਆਂ ਨਜ਼ਰ ਨਹੀਂ ਖਰਾਸ ਆਉਂਦੇ।
ਲਭਦੇ ਨਹੀਂ ਟਿੰਡਾਂ ਵਾਲੇ ਖ਼ੂਹ।

ਫਲਿਆਂ ਦੇ ਨਾਲ ਬਲਦਾਂ ਨੂੰ ਜੋੜ ਕੇ,
ਸਾਰਾ ਦਿਨ ਕਣਕਾਂ ਨੂੰ ਗਾਹੁੰਦੇ ਸੀ।
ਤਰੰਗਲੀ ਤੇ ਛੱਜ ਨਾਲ ਤੂੜੇ ਇੱਕ ਪਾਸੇ ਕਰ,
ਧਰਤੀ'ਚੋ ਸੋਨਾ ਇੰਜ ਪਾਉਂਦੇ ਸੀ।
ਖ਼ੂਹ ਦੇ ਚੁਬੱਚਿਆਂ 'ਚੋ ਠੰਡਾ ਪਾਣੀ ਪੀਂਦੇ ਸੀ,
ਜਦੋਂ ਗਰਮੀ ਦੀ ਵਗਦੀ ਸੀ ਲੂ।
ਹਲ ਤੇ ਪੰਜਾਲੀਆਂ ਨਜ਼ਰ ਨਹੀਂ ਖਰਾਸ ਆਉਂਦੇ।
ਲਭਦੇ ਨਹੀਂ ਟਿੰਡਾਂ ਵਾਲੇ ਕੂਹ।

ਵਿਰਸੇ ਦੇ ਬਾਰੇ ਹੁਣ ਕੌਣ ਸਮਝਾਵੇ,
ਦਾਦੀ ਬਾਤਾਂ ਨਹੀਂ ਪਾਉਂਦੀ ਹੁਣ ਰਾਤ ਨੂੰ।
ਕੁੱਕੜ ਬਾਗਾਂ ਦੇਵੇ, ਚਿੜੀ ਵੀ ਚਹਿਕਦੀ,

ਪਾਂਧੀ ਫਿਰ ਵੀ ਨਾ ਟੁਰੇ ਪ੍ਰਭਾਤ ਨੂੰ।
'ਰਤਨ' ਵਰਿੰਦਰ ਨੂੰ ਸਭ ਕੁਝ ਭੁੱਲ ਜਾਵੀਂ,
ਟਾਹਲੀ ਵਾਲਿਆਂ ਨਾ ਭੁੱਲੀ ਇਕ ਹੂ।
ਹਲ ਤੇ ਪੰਜਾਲੀਆਂ ਨਜ਼ਰ ਨਹੀਂ ਖਰਾਸ ਆਉਂਦੇ।
ਲਭਦੇ ਨਹੀਂ ਟਿੰਡਾਂ ਵਾਲੇ ਖੂਹ।

**ਪਿੰਡ ਤੇ ਡਾਕ. ਟਾਹਲੀ, ਹੁਸ਼ਿਆਰਪੁਰ, 81462-10637**

□□□

# ਗੀਤ

**ਜਗਜੀਤ ਸਿੰਘ ਗੁਰਮ**



ਕਣਕਾਂ ਜੇਹਾ ਗੀਤ ਹੈ ਮੇਰਾ, ਵਿੱਚ ਦਾਣੇ ਹੀ ਦਾਣੇ।
ਜੋ ਵੀ ਏਹਦੀ ਰਮਜ਼ ਪਛਾਣੇ, ਉਹੀਓ ਗੀਤ ਨੂੰ ਮਾਣੇ।

ਧਰਤੀ ਦੀ ਕੁੱਖ ਬਾਂਝ ਨਾ ਰਹਿੰਦੀ, ਜਦੋਂ ਪਸੀਨਾ ਡੁੱਲਦਾ।
ਰੰਗ ਹਰੇ ਦੀ ਚਾਦਰ ਤੱਕ ਤੱਕ, ਆਸਾ ਪਾਸਾ ਭੁੱਲਦਾ।
ਹਰ ਕੋਈ ਆਸ ਦੀ ਪੌੜੀ ਚੜ੍ਹਕੇ, ਬੁਣਦਾ ਤਾਣੇ ਬਾਣੇ।
ਕਣਕਾਂ ਜੇਹਾ ਗੀਤ ਹੈ ਮੇਰਾ.............।

ਜੀਵਨ ਦਾ ਪੰਧ ਕਦੇ ਨਾ ਮੁੱਕੇ, ਨਾ ਹੀ ਗੀਤ ਨੇ ਮੁੱਕਣਾ।
ਗੀਤਾਂ ਦੇ ਸੰਗ ਰਲ ਮਿਲ ਸਭ ਨੇ, ਦਾਣਾ ਦਾਣਾ ਚੁੱਕਣਾ।
ਦਾਣਿਆਂ ਬਾਝੋਂ ਸਭੇ ਅਧੂਰੇ, ਕੀ ਰਾਜੇ ਕੀ ਰਾਣੇ।
ਕਣਕਾਂ ਜੇਹਾ ਗੀਤ ਹੈ ਮੇਰਾ..........।

ਭਰੇ ਭੜੋਲੇ ਰਹਿਣ ਸਦਾ ਹੀ, ਰਹੇ ਨਾ ਖਾਲੀ ਕਾਸਾ।
ਗ਼ਮ ਦਾ ਬੋਲ ਨਾ ਹੋਵੇ ਕਿੱਧਰੇ, ਡੁੱਬ ਡੁੱਲ ਜਾਵੇ ਹਾਸਾ।
ਸਭੇ ਰਲ ਮਿਲ ਸੁੱਖ ਹੰਢਾਵਣ, ਕਹੇ ਨਾ ਕੋਈ ਨਿਤਾਣੇ।
ਕਣਕਾਂ ਜੇਹਾ ਗੀਤ ਹੈ ਮੇਰਾ...........।

ਮਿੱਟੀ ਦੇ ਵਿੱਚ ਮਿੱਟੀ ਹੋ ਕੇ, ਬੀਜ ਦੇ ਵਾਂਗੂੰ ਉਗਣਾ।
ਤਾਹੀਂਓ ਝੋਲੀਆਂ ਭਰੀਆਂ ਜਾਵਣ, ਤਾਹੀਂਓ ਕੋਲ ਨੇ ਪੁੱਗਣਾ।
ਰੱਖਦਾ ਗੀਤ ਜਿਉਂਦੇ ਨਹੀਂ ਤਾਂ, 'ਗੁਰਮ' ਨੂੰ ਕੌਣ ਪਛਾਣੇ।



ਕਣਕਾਂ ਜੇਹਾਂ ਗੀਤ ਹੈ ਮੇਰਾ, ਵਿੱਚ ਦਾਣੇ ਹੀ ਦਾਣੇ।
ਜੋ ਵੀ ਏਹਦੀ ਰਮਜ਼ ਪਛਾਣੇ, ਉਹੀਓ ਗੀਤ ਨੂੰ ਮਾਣੇ।

**99147-01668**

□□□

# ਛੇਵਾਂ ਦਰਿਆ

ਦਵਿੰਦਰ ਸਿੰਘ ਟਾਹਲਵੀ (ਯੂ.ਐਸ.ਏ.)



ਵਗਦੇ ਨਸ਼ਿਆਂ ਦੇ ਦਰਿਆ 'ਚੋਂ ਤੈਨੂੰ ਕੌਣ ਬਚਾਵੇਗਾ।
ਏਸ ਕੰਮ 'ਚੋਂ ਕੱਢਣ ਲਈ ਕਿਹੜਾ ਅੱਗੇ ਆਵੇਗਾ।

ਅੰਮ੍ਰਿਤ ਵੇਲੇ ਰੱਬੀ ਬਾਣੀ ਦੇ ਬੋਲ ਕਿਉਂ ਲੋਕੀਂ ਭੁੱਲ ਗਏ ਨੇ।
ਹਰ ਮੋੜ 'ਤੇ ਅੰਮ੍ਰਿਤ ਵੇਲੇ ਠੇਕੇ ਥਾਂ ਥਾਂ ਖੁੱਲ੍ਹ ਗਏ ਨੇ।
ਚਿੱਟਾ ਜਿਹੜਾ ਵੇਚ ਰਿਹਾ ਏ ਉਹਨੂੰ ਕੌਣ ਫੜਾਵੇਗਾ।
ਵਗਦੇ ਨਸ਼ਿਆਂ ਦੇ ਦਰਿਆ 'ਚੋਂ ਤੈਨੂੰ ਕੌਣ ਬਚਾਵੇਗਾ।

ਖੇਪ ਸਕੈਮ ਦੀ ਆਈ ਹੋਈ ਇਸ ਨੂੰ ਕਿਸ ਮੰਗਵਾਇਆ ਏ।
ਨਹੀਂ ਕਿਸੇ ਦੋਸ਼ੀ ਨੇ ਆਪਣਾ, ਇਸ 'ਤੇ ਨਾਂ ਲਿਖਵਾਇਆ ਏ।
ਇਸ ਦੇ ਵਹਿਣ 'ਚ ਵਹਿ ਗਿਆ ਜੇਕਰ, ਤੈਨੂੰ ਨਾ ਕੋਈ ਛੁਡਾਵੇਗਾ।
ਵਗਦੇ ਨਸ਼ਿਆਂ ਦੇ ਦਰਿਆ 'ਚੋਂ ਤੈਨੂੰ ਕੌਣ ਬਚਾਵੇਗਾ।

ਟਾਹਲੀ ਵਾਲੇ ਦਵਿੰਦਰਾ ਤੇਰੀ ਕੌਣ ਜਵਾਨੀ ਰੋਲ ਗਿਆ।
ਦੋ ਟਕਿਆਂ ਲਈ ਤੇਰੇ ਅੰਦਰ, ਨਸ਼ਿਆਂ ਦਾ ਜ਼ਹਿਰ ਘੋਲ ਗਿਆ।
ਟਾਹਲੀ ਵਾਲਾ ਦਵਿੰਦਰ ਲੋਕੋ ਸੱਚੀ ਗੱਲ ਸੁਣਾਵੇਗਾ।
ਵਗਦੇ ਨਸ਼ਿਆਂ ਦੇ ਦਰਿਆ 'ਚੋਂ ਤੈਨੂੰ ਕੌਣ ਬਚਾਵੇਗਾ।
ਏਸ ਕੰਮ 'ਚੋਂ ਕੱਢਣ ਲਈ ਕਿਹੜਾ ਅੱਗੇ ਆਵੇਗਾ।

□□□

# ਜ਼ਿੰਦਗੀ ਦੇ ਗੀਤ

**ਸਮਿੱਤਰ ਸਿੰਘ ਦੋਸਤ**

ਜ਼ਿੰਦਗੀ ਦੇ ਗੀਤ ਕਦੇ ਮੁੱਕਣੇ ਨਹੀਂ ਸੱਜਣਾ,
ਅਸੀਂ ਤੁਰ ਜਾਣਾ ਕੰਮ ਰੁੱਕਣੇ ਨਹੀਂ ਸੱਜਣਾ।

ਇਕ ਸਮਾਂ ਆਉਣਾ ਭੁਲ ਜਾਣਾ ਸਾਰਿਆਂ ਨੇ।
ਬੱਸ ਸਾਡਾ ਨਾਂਅ ਫਿਰ ਕਾਗਜ਼ਾਂ 'ਚ ਰਹਿ ਜਾਊ।
ਇਕ ਦਿਨ ਇਤਿਹਾਸ ਦਿਆਂ ਪੰਨਿਆਂ 'ਚੋਂ ਉੱਡ ਜਾਣਾ,
ਭੁੱਲੀ ਵਿਸਰੀ ਯਾਦ ਸਾਡੀ ਮਿੱਟੀ 'ਚ ਸਮਾ ਜਾਊ।
ਰੂਹਾਂ ਉੱਡ ਜਾਣੀਆਂ, ਕੰਮ ਦੁਨੀਆਂ ਦੇ ਰੁਕਣੇ ਨਹੀਂ ਸੱਜਣਾ।
ਅਸੀਂ ਤੁਰ ਜਾਣਾ।
ਦੁਨੀਆਂ ਦੇ ਮੇਲੇ ਸਦਾ ਲੱਗਦੇ ਰਹਿਣਗੇ,
ਇਕ ਮੇਲਿਆਂ 'ਚ ਆਊਗਾ ਦੂਜਾ ਤੁਰ ਜਾਊਗਾ।
ਨਦੀ ਨਾਮ ਸੰਜੋਗੀ ਮੇਲੇ ਤਾਂ ਲੱਗਦੇ ਰਹਿਣਗੇ,
ਦੁਨੀਆਂ ਤੇ ਨਵਾਂ ਜੀਵ ਆਊਗਾ ਪੁਰਾਣਾ ਤੁਰ ਜਾਊਗਾ।
ਜਿਸਮਾਂ ਨੇ ਮੁੱਕ ਜਾਣਾ, ਕੰਮ ਰੁਕਣੇ ਨਹੀਂ ਸੱਜਣਾ
ਅਸੀਂ ਤੁਰ ਜਾਣਾ....

ਮਿੱਠੀ ਮਿੱਠੀ ਯਾਦ ਜਦੋਂ ਕਿਸੇ ਨੂੰ ਸਤਾਊਗੀ।
ਖੂਨਦਿਆਂ ਰਿਸ਼ਤਿਆਂ ਨੂੰ ਜ਼ਿੰਦਗੀ ਭਰ ਲਈ ਰੁਵਾਊਗੀ।
ਆਉਣਗੇ ਦਿਨ ਜਦੋਂ ਗ਼ਮੀਆਂ ਖੁਸ਼ੀਆਂ ਤੇ ਤਿਉਹਾਰਾਂ ਦੇ
ਆਪਣਿਆਂ ਦੀ ਯਾਦ ਧੀਆਂ ਪੁੱਤਾਂ ਵੀਰਾਂ ਭੈਣਾਂ ਨੂੰ ਸਤਾਊਗੀ
ਆਖਰੀ ਸਾਹਾਂ ਤੱਕ ਚਲ ਸੋ ਚੱਲ, ਝਮੇਲੇ ਜ਼ਿੰਦਗੀ ਦੇ ਮੁੱਕਣੇ ਨਹੀਂ ਸੱਜਣਾ
ਅਸੀਂ ਤੁਰ ਜਾਣਾ.....

'ਦੋਸਤ' ਪੰਛੀਆਂ ਦੇ ਵਾਂਗ ਬੇਟਾ ਉੱਡ ਜਾਣਾ ਮਾਰ ਦੇ ਉਡਾਰੀ,
ਪਤਾ ਨਹੀਂ ਕਿਹੜੇ ਰਾਹੀਂ ਤੁਰ ਜਾਣਾ, ਮੁੜਦੁਨੀਆਂ ਤੇ ਫੇਰਾ ਪਾਉਂਦਾ ਨਹੀਂ।
ਦੁਨੀਆਂ ਦੇ ਝੰਜਟਾਂ ਤੋਂ ਵਿਹਲੇ ਹੋ ਕੇ ਕਿਹੜੀ ਖੇਡ ਦਾ ਬਮਦਾ ਖਿਡਾਰੀ
ਰੱਬ ਜਾਣੇ ਨਰਕਾਂ ਸਵਰਗਾਂ ਦਾ ਖੇਲ, ਬੰਦਾ ਮੁੜ ਦੁਨੀਆਂ ਤੇ ਆਉਣਾ ਨਹੀਂ।
ਅੱਜ ਕੱਲ੍ਹ ਜਾਂ ਪਰਸੋਂ ਅਸੀਂ ਵੀ ਤੁਰ ਜਾਣਾ ਕੰਮ ਦੁਨੀਆਂ ਦੇ ਰੁਕਣੇ ਨਹੀਂ ਸੱਜਣਾ।
ਅਸੀਂ ਤੁਰ ਜਾਣਾ.....



# ਬੋਲ ਦੋ ਸਕੇ ਭਰਾਵਾਂ ਦੇ

**ਵਰਿੰਦਰ ਸਿੰਘ ਟਾਹਲਵੀ (ਯੂ.ਐਸ.ਏ.)**



ਬੋਲ ਦੋ ਸੱਕੇ ਭਰਾਵਾਂ ਦੇ ਅੱਜ ਸੱਚੋ ਸੱਚ ਹੀ ਬੋਲਣਗੇ
ਲੁੱਟ ਕੇ ਖਾ ਗਏ ਦੇਸ਼ ਨੂੰ ਜਿਹੜੇ ਪਾਜ ਨੂੰ ਖੋਲ੍ਹਣਗੇ।
ਦੇਸ਼ ਦਿਆਂ ਅੱਜ ਲੋਟੂਆਂ ਕੀ ਗਦਰ ਮਚਾਇਆ ਏ।
ਕੁਰਸੀ ਖ਼ਾਤਰ ਇਨ੍ਹਾਂ ਨੇ ਅੱਜ ਭੜਥੂ ਪਾਇਆ ਏ।
ਵਕਤ ਦੀ ਤੱਕੜੀ ਵਿੱਚ ਪਾ ਲੋਕੀਂ ਇਨ੍ਹਾਂ ਨੂੰ ਤੋਲਣਗੇ।
ਬੋਲ ਦੋ ਸੱਕੇ ਭਰਾਵਾਂ ਦੇ ਅੱਜ ਸੱਚੋ ਸੱਚ ਹੀ ਬੋਲਣਗੇ।

ਮਿਲਿਆ ਨਾ ਰੁਜ਼ਗਾਰ ਤੇ ਲੋਕੀਂ ਤੁਰ ਪਰਦੇਸ ਗਏ
ਡੌਂਕੀ ਰਸਤੇ ਕਈਆਂ ਦੇ ਤਾਂ ਪਿੰਜਰ ਰੁਲ ਗਏ।
ਬੱਚੇ ਜਿਨ੍ਹਾਂ ਦੇ ਮਰ ਗਏ ਕਿਸ ਨਾਲ ਦੁਖ ਫੋਲਣਗੇ।
ਬੋਲ ਦੋ ਸੱਕੇ ਭਰਾਵਾਂ ਦੇ ਅੱਜ ਸੱਚੋ ਸੱਚ ਹੀ ਬੋਲਣਗੇ।

ਵਧ ਰਹੇ ਜ਼ੁਲਮਾਂ ਨੂੰ ਜਦ ਨਾ ਰੋਕਿਆ ਜਾਵੇਗਾ।
ਦਿਨ ਦਿਹਾੜੇ ਬੰਦੇ ਫਿਰ ਬੰਦਾ ਖਾਵੇਗਾ।
ਹਫੜਾ ਦਫੜੀ ਮੱਚ ਜਾਊ ਲੋਕੀਂ ਮੌਤ ਨੂੰ ਟੋਲਣਗੇ।
ਬੋਲ ਦੋ ਸੱਕੇ ਭਰਾਵਾਂ ਦੇ ਅੱਜ ਸੱਚੋ ਸੱਚ ਹੀ ਬੋਲਣਗੇ।

ਦਿਨ ਦਿਹਾੜੇ ਲੋਕ ਜੋ ਲੁੱਟਾਂ ਕਤਲ ਵੀ ਕਰਦੇ ਨੇ
ਨਸ਼ਿਆਂ ਦੇ ਅੱਜ ਵਹਿਣੇ ਪੈ ਕੇ, ਲੋਕੀਂ ਮਰਦੇ ਨੇ
ਡਰ ਵਰਿੰਦਰ ਟਾਹਲਵੀ ਨੂੰ, ਇਹ ਇੱਜ਼ਤ ਮਿੱਟੀ ਵਿੱਚ ਰੋਲਣਗੇ।
ਬੋਲ ਦੋ ਸੱਕੇ ਭਰਾਵਾਂ ਦੇ ਅੱਜ ਸੱਚੋ ਸੱਚ ਹੀ ਬੋਲਣਗੇ।
ਲੁੱਟ ਕੇ ਖਾ ਗਏ ਦੇਸ਼ ਨੂੰ ਜਿਹੜੇ ਪਾਜ ਨੂੰ ਖੋਲ੍ਹਣਗੇ।

□□□

## ਵੀਰ ਸ਼ਹੀਦੋ

**ਸਤਵਿੰਦਰ ਬੇਗੋਵਾਲੀਆ**



ਵੀਰ ਸ਼ਹੀਦੋ, ਮੇਰਾ ਸਲਾਮ,
ਹੱਸ ਹੱਸ ਕੇ ਕੀਤੀ ਜਿੰਦ ਕੁਰਬਾਨ।

ਗੂੜ੍ਹੀ ਨੀਂਦੇ ਸੁੱਤਾ ਦੇਸ਼, ਤੁਸਾਂ ਹੀ ਜਗਾਇਆ ਸੀ।
ਸਾਡੇ ਹੱਕ, ਇੱਥੇ ਰੱਖ, ਇਹ ਪਾਠ ਪੜ੍ਹਾਇਆ ਸੀ।
ਮੁਰਦਾ ਰੂਹਾਂ 'ਚ ਪਾਈ, ਇਕ ਨਵੀਂ ਜਾਨ।
ਵੀਰ ਸ਼ਹੀਦੋ........

ਦੇਸ਼ ਪਿਆਰ 'ਚ ਰੰਗੇ ਹੋਏ, ਐਸ਼ ਅਰਾਮ ਛੱਡਿਆ।
ਹਵਾਵਾਂ ਦੇ ਰੁਖ ਬਦਲੇ, ਜਿੱਥੇ ਝੰਡਾ ਗੱਡਿਆ।
ਅੱਗੇ ਹੀ ਵਧਦੇ ਗਏ, ਆਏ ਕਿੰਨੇ ਤੂਫ਼ਾਨ।
ਵੀਰ ਸ਼ਹੀਦੋ.........।

ਗੋਰਿਆਂ ਦੇ ਕੰਨਾਂ ਤਾਈਂ, ਆਵਾਜ਼ ਪਹੁੰਚਾਈ ਸੀ।
ਕਿਸੇ ਖਾਧੀ ਲਾਠੀ, ਗੋਲੀ, ਚਾਹੇ ਫਾਂਸੀ ਆਈ ਸੀ।
ਕੋਨੇ ਕੋਨੇ ਤਾਈਂ ਪੁੱਜਾ, ਆਜ਼ਾਦੀ ਦਾ ਪੈਗ਼ਾਮ
ਵੀਰ ਸ਼ਹੀਦੋ......

ਸੁਫ਼ਨੇ ਸ਼ਹੀਦਾਂ ਦੇ, ਸਾਕਾਰ ਕਰੋ ਲੋਕੋ!
ਤੁਰ ਗਏ ਜੋਬਨ ਰੁੱਤੇ, ਵਿਚਾਰ ਕਰੋ ਲੋਕੋ!
ਧਰਤੀ ਮਾਂ ਦੇ ਜਾਏ ਗਾਓ, ਇਕ ਹੋ ਗਏ ਜ਼ੁਬਾਨ।
ਵੀਰ ਸ਼ਹੀਦੋ.....

**98154-65620**

□□□



# ਕਾਵਿ ਸੰਸਾਰ

## ਅਧੂਰੀ ਰੀਝ

**ਪ੍ਰੋ. ਕੁਲਵੰਤ ਔਜਲਾ**

ਮੁੜਾਂਗਾ ਜ਼ਰੂਰ ਰੀਝ ਦਿਲ ਵਿੱਚ ਰਹਿ ਗਈ
ਦੇਹ ਦੀ ਦੀਵਾਰ ਪਰਦੇਸ ਵਿੱਚ ਢਹਿ ਗਈ

ਯਾਰ ਵੀ ਉਡੀਕਦੇ ਤੇ ਪਿੰਡ ਵੀ ਉਡੀਕਦਾ
ਪਤਾ ਹੀ ਨਾ ਲੱਗਾ ਤੁਰ ਜਾਣ ਦੀ ਤਰੀਕ ਦਾ
ਕਰਕੇ ਕਮਾਈਆਂ ਘਰ ਰਹਿਣ ਲਈ ਬਣਾ ਲਿਆ
ਸੁਪਨਿਆਂ ਦੇ ਜੋਗਾ ਸੋਹਣਾ ਅੰਬਰ ਉਗਾ ਲਿਆ
ਸੋਚਿਆ ਸੀ, ਹੁਣ ਕੁਝ ਕਰਾਂਗੇ ਕਰਾਵਾਂਗੇ
ਲੱਭਾਂਗੇ ਗੁਆਚਿਆਂ ਨੂੰ, ਰੁੱਸੇ ਵੀ ਮਨਾਵਾਂਗੇ
ਭੱਜੀ ਭੱਜੀ ਜਾਂਦੀ ਗੱਡੀ ਲੀਹੋਂ ਪਰ ਲਹਿ ਗਈ
ਮੁੜਾਂਗਾ ਜ਼ਰੂਰ ਰੀਝ ਦਿਲ ਵਿਚ ਰਹਿ ਗਈ।

ਬਹੁਤ ਕੁਝ ਧਾਰਿਆ ਤੇ ਬਹੁਤ ਕੁਝ ਸੋਚਿਆ ਸੀ
ਬੱਚਿਆਂ ਦੇ ਸੁੰਦਰ ਭਵਿੱਖ ਬਾਰੇ ਲੋਚਿਆ ਸੀ
ਖ਼ੁਸ਼ੀਆਂ ਦੇ ਪਲ ਹਾਲੇ ਢੇਰ ਸਾਰੇ ਆਉਣੇ ਸਨ
ਰਹਿ ਗਏ ਜੋ ਮਨ ਵਿੱਚ ਦਾਅ ਵੀ ਪਗਾਉਣੇ ਸਨ
ਤੀਲਾ ਤੀਲਾ ਜੋੜਿਆ ਜੋ ਅਚਨਚੇਤ ਢਹਿ ਗਿਆ
ਸਭ ਕੁਝ ਅੱਧ ਵਿਚਕਾਰ ਜੇਹਾ ਰਹਿ ਗਿਆ
ਚੰਦਰੀ ਬੀਮਾਰੀ ਦੇਖੋ ਕਿਥੋਂ ਕਿੱਥੇ ਲੈ ਗਈ
ਮੁੜਾਂਗਾ ਜ਼ਰੂਰ ਰੀਝ ਦਿਲ ਵਿੱਚ ਰਹਿ ਗਈ

ਕਦੇ ਕਦੇ ਯਾਦ ਸਾਨੂੰ ਕਰ ਲੈਣਾ ਦੋਸਤੋ
ਹਉਕਾ ਬਲਦੀਸ਼ ਲਈ ਵੀ ਭਰ ਲੈਣਾ ਦੋਸਤੋ
ਬਹੁਤ ਕੁਝ ਕਰਨ ਦਾ ਸ਼ੁਦਾਅ ਅਜੇ ਬਾਕੀ ਸੀ

ਅੰਤਾਂ ਦਾ ਮੋਹ ਤੇ ਲਗਾਅ ਅਜੇ ਬਾਕੀ ਸੀ
ਮੁਸ਼ਕਲਾਂ ਮੁਸੀਬਤਾਂ ਨੂੰ ਮਸਾਂ ਹੀ ਮੁਕਾਇਆ ਸੀ
ਸਾਹ ਹਾਲੇ ਚੈਨ ਵਾਲਾ ਥੋੜਾ ਜੇਹਾ ਆਇਆ ਸੀ,
ਤੇਜ਼ ਤੇਜ਼ ਵਹਿਣ ਵਿੱਚ ਬੇੜੀ ਸਾਡੀ ਵਹਿ ਗਈ
ਮੁੜਾਂਗਾ ਜ਼ਰੂਰੀ ਰੀਝ ਦਿਲ ਵਿਚ ਰਹਿ ਗਈ
ਦੇਹ ਦੀ ਦੀਵਾਰ ਪਰਦੇਸ ਵਿੱਚ ਢਹਿ ਗਈ।

**97, ਮਾਡਲ ਟਾਊਨ, ਕਪੂਰਥਲਾ**
**ਫ਼ੋਨ 01822-235343**

□□□

## ਆਪਣੇ ਹੀ ਪ੍ਰਛਾਵਿਆਂ ਨੂੰ

**ਸੰਦੀਪ ਕੁਮਾਰ ਦਰਦੀ**

ਜ਼ਿੰਦਗੀ ਦੇ ਸ਼ੋਰ ਵਿੱਚ ਇੱਕ ਅਜੀਬ ਜਿਹੀ
ਖਮੋਸ਼ੀ ਮਹਿਸੂਸ ਕਰਦਾ ਰਿਹਾ ਹਾਂ ਮੈ,
ਜੋ ਵਾੜ ਹੀ ਖਾ ਰਹੀ ਹੈ ਖੇਤਾਂ ਨੂੰ
ਉਸ ਵਾੜ ਤੇ ਨਮੋਸ਼ੀ ਮਹਿਸੂਸ ਕਰਦਾ ਰਿਹਾ ਹਾਂ ਮੈਂ।
ਜ਼ਿੰਦਗੀ ਦੇ ਦੁੱਖਾਂ ਨੂੰ ਹੀ ਪੜ੍ਹਦਾ ਰਿਹਾ ਹਾਂ ਮੈਂ,
ਜਿਸ ਨੂੰ ਆਪਣਾ ਬਣਾਇਆ ਉਸ ਦੇ ਹੱਥੋਂ ਹੀ ਮਰਦਾ ਰਿਹਾ ਹਾਂ ਮੈਂ।
ਲੱਕ ਤੋੜਿਆ ਆਪਣਿਆਂ ਨੇ ਫਿਰ ਵੀ ਬਿਨਾਂ ਸਹਾਰੇ ਤੋਂ ਖੜਦਾ ਰਿਹਾ ਹਾਂ ਮੈਂ,
ਜੋ ਕਦਮ ਪੁੱਟੇ ਹਰ ਕਦਮ ਨੂੰ ਕੰਡਿਆਂ ਤੇ ਧਰਦਾ ਰਿਹਾ ਹਾਂ ਮੈਂ
ਜ਼ਿੰਦਗੀ ਦੇ ਨਾਂ ਤੇ ਹੀ ਝੂਠੇ ਸੱਚ ਨੂੰ ਜਰਦਾ ਰਿਹਾ ਹਾਂ ਮੈਂ,
ਅੱਖਾਂ ਵਿੱਚ ਦੁੱਖਾਂ ਦੇ ਅੱਥਰੂ ਤੇ ਹੱਥਾਂ ਵਿਚ ਗ਼ੁਲਾਮੀ ਦੇ
ਅੰਗਿਆਰੇ ਹੀ ਫੜਦਾ ਰਿਹਾ ਹਾਂ ਮੈਂ।
ਲੱਭਣ ਤੁਰਿਆ ਸੀ ਸੱਚੀ ਮੁਹੱਬਤ ਨੂੰ ਪਰ ਹਰ ਵਾਰ ਹਾਰਦਾ ਰਿਹਾ ਹਾਂ ਮੈਂ,
ਜ਼ਿੰਦਗੀ ਦੇ ਹਰ ਜ਼ਖਮ ਤੇ ਕਲਮ ਧਰਦਾ ਰਿਹਾ ਹਾਂ ਮੈਂ,
ਕਿੱਤੇ ਜ਼ਿੰਦਗੀ ਦੇ ਗ਼ਮਾਂ ਵਿੱਚ ਡੁੱਬ ਨਾ ਜਾਵਾਂ
ਸਹਾਰੇ ਲਈ ਦਰਦੀ ਆਪਣੇ ਹੀ ਪ੍ਰਛਾਵਿਆਂ ਨੂੰ ਫੜਦਾ ਰਿਹਾ ਹਾਂ ਮੈਂ।

**99149-87088**

□□□



## ਹੱਕਾਂ ਨੂੰ ਮਾਰ



ਜਦੋਂ ਹੱਕਾਂ ਨੂੰ ਪੈਂਦੀ ਰਹੇ ਮਾਰ।
ਮਨਾਂ 'ਚ ਮਘਦੇ ਨੇ ਅੰਗਿਆਰ।
ਰਾਜਨੀਤਕ ਮਲ੍ਹਮ ਨੀਂ ਕੰਮ ਕਰਦੀ,
ਲੂਸਿਆ ਜਾਂਦਾ ਏ ਜਦ ਅਧਿਆਰ।
ਕੀਲੇ ਜਾਂਦੇ ਹਾਂ ਅਸੀਂ ਫੋਕੇ ਨਾਹਰਿਆਂ ਦੇ ਨਾਲ,
ਚੰਚਲ ਜਿਹੀ ਜਿਵੇਂ ਕੋਈ ਮੁਟਿਆਰ।
ਟੀ.ਵੀ. ਚੈਨਲ ਵਿਕ ਕੇ ਬੋਲੀ ਜਾਂਦੇ,
ਕਹਿੰਦੇ ਦੇਸ਼ ਤਰੱਕੀ 'ਚ ਛੱਡ ਗਿਆ ਸੰਸਾਰ।
ਛੇਵੇਂ ਦਰਿਆ ਨਸ਼ਿਆਂ ਦੇ ਨੇ ਰੋੜ ਲੈ ਜਾਣੇ,
ਲਾਤੇ ਨਸ਼ਿਆਂ ਦੇ ਉਤੇ ਵਿਹਲੇ ਬੇਰੁਜ਼ਗਾਰ।
ਉਤੋਂ-ਉਤੋਂ ਭੁੱਖਿਆਂ ਦੇ ਬਣੇ ਹਮਦਰਦ,
ਐਪਰ ਲੁੱਟਣ ਵਾਸਤੇ ਕੀਤੀ ਤੇਜ਼ ਕਟਾਰ।

**ਪਰਸ਼ੋਤਮ ਪੱਤੋ, 98550-38775**

□□□

## ਦੋਹੇ

**ਕੁਲਦੀਪ ਕੌਰ ਚੱਠਾ**



ਬਦਲੇ ਜ਼ਮਾਨੇ ਦੀ ਬਦਲੀ ਸਵੇਰੇ ਯਾਰੋ
ਦੇਰ ਨਾਲ ਸੌਣ ਹੁਣ, ਉਠਣ ਨਾਲ ਦੇਰ ਯਾਰੋ।

ਚਾਟੀਆਂ ਦੇ ਵਿੱਚ ਹੁਣ ਪੈਣ ਨਾ ਮਧਾਣੀਆਂ
ਸਭ ਕੰਮ ਕਰਦੀਆਂ, ਬਿਜਲੀ ਨਾਲ ਸਵਾਣੀਆਂ।

ਬਲਦ ਨਾ ਰਹੇ, ਨਾ ਹੀ ਟੱਲੀਆਂ ਦੀ ਟਣ-ਟਣ
ਚੜਦੇ ਟਰੈਕਟਰਾਂ ਤੇ ਗੱਭਰੂ ਵੀ ਬਣ-ਠਣ।

ਖੂਹਾਂ ਉਤ ਨੱਢੀਆਂ ਪਾਣੀ ਵੀ ਨਾ ਭਰਦੀਆਂ
ਟੂਟੀਆਂ ਚਲਾ ਕੇ ਹੁਣ ਸਾਰੇ ਕੰਮ ਕਰਦੀਆਂ

ਮੇਲਿਆਂ ਦੇ ਉਤੇ ਹੁਣ ਛਿੰਜਾਂ ਨਹੀਂ ਪੈਂਦੀਆਂ
ਮੁੰਡਿਆਂ ਨੂੰ ਫ਼ਿਕਰਾਂ ਤਾਂ ਨਸ਼ੇ ਦੀਆਂ ਰਹਿੰਦੀਆਂ।

ਗੱਡੇ ਅਤੇ ਸਾਈਕਲ ਪੁਰਾਣੀ ਗੱਲ ਹੋ ਗਈ।
ਅੱਜ ਦੀ ਪਨੀਰੀ ਕਾਰਾਂ, ਮੋਟਰਾਂ ’ਚ ਖੋ ਗਈ।

ਬੰਦ ਹੋਈਆਂ ਭੱਠੀਆਂ ਖਿੱਲਾਂ ਕਿਥੋਂ ਖਾਣੀਆਂ।
ਮਸ਼ੀਨਾਂ ਨਾ ਬਣਨ ਹੁਣ ਏ ਵੀ ਮਰ ਜਾਣੀਆਂ।

ਘਰਾਂ ਦੀ ਸਫ਼ਾਈ ਪੋਚੇ ਮਹੀਨੇ ਬਾਅਦ ਹੁੰਦੇ ਸੀ
ਸਾਰੇ ਕੰਮ ਰਲ ਮਿਲ ਸਧਰਾਂ ’ਚ ਗੁੰਦੇ ਸੀ

ਅੱਠ ਦਿਨਾਂ ਵਾਲੇ ਵਿਆਹ ਕਿਥੇ ਹੜ ਗੇ
ਪ੍ਰੋਗਰਾਮ ਸਾਰੇ ਚੱਠਾ, ਪੈਲਸਾਂ ਦੀ ਭੇਟ ਚੜ੍ਹ ਗਏ

**ਪਿੰਡ ਗੋਬਿੰਦਪੁਰ, ਡਾਕ. ਪਾਇਲ,**
**ਜ਼ਿਲ੍ਹਾ ਲੁਧਿਆਣਾ**

□□□

## ਦੋਹੇ

**ਮਹਿੰਦਰ ਮਾਨ**

ਜਿਨ੍ਹਾਂ ਦੀਆਂ ਕੁਰਬਾਨੀਆਂ ਨਾਲ ਹੋਏ ਅਸੀਂ ਆਜ਼ਾਦ,
ਉਨ੍ਹਾਂ ਨੂੰ ਭੁਲ ਭੁਲੇਕੇ ਵੀ ਅਸੀਂ ਕਦੇ ਕਰੀਏ ਨਾ ਯਾਦ।
ਛੇਵਾਂ ਦਰਿਆ ਨਸ਼ਿਆਂ ਦਾ ਜਦ ਤੋਂ ਵਗਣ ਲੱਗਾ ਵਿੱਚ ਪੰਜਾਬ,
ਇਸ ਵਿੱਚ ਡੁੱਬ ਕੇ ਨੌਜਵਾਨਾਂ ਦੀ ਹਾਲਤ ਹੋ ਰਹੀ ਖ਼ਰਾਬ।
ਕਾਰਾਂ ’ਚ ਘੁੰਮਦੇ ਅਮੀਰ ਗਰੀਬਾਂ ਨੂੰ ਵੇਖਣ ਟੇਢੀ ਨਜ਼ਰ ਨਾਲ,
ਉਨ੍ਹਾਂ ਦਾ ਵੀ ਹੋ ਸਕਦੈ ਕਿਸੇ ਦਿਨ ਗਰੀਬਾਂ ਵਰਗਾ ਹਾਲ।
ਕਿਸਾਨ ਬੈਠਾ ਫਸਲ ਲੈ ਕੇ ਭਿਖਾਰੀ ਵਾਂਗ ਮੰਡੀ ਵਿੱਚ,
ਆੜ੍ਹਤੀ ਸਸਤੇ ਭਾਅ ਉਸ ਦੀ ਫਸਲ ਖਰੀਦਣ ਲਈ ਬਜ਼ਿੱਦ।
ਭੁੱਕੇ ਬਾਲਾਂ ਦੇ ਢਿੱਡ ਭਰਨ ਖਾਤਰ ਕਿਧਰੇ ਕਿਡਨੀ ਵੇਚੇ ਬਾਪ,
ਕਿਧਰੇ ਬਾਲਾਂ ਖਾਤਰ ਕੁੱਖ ਕਿਰਾਏ ਤੇ ਦੇਵੇ ਜਨਣੀ ਆਪ।
ਜਿਸ ਨੂੰ ਟਿਕਟ ਮਿਲੀ ਪਾਰਟੀ ਪ੍ਰਧਾਨ ਨੂੰ ਦੇ ਕੇ ਇਕ ਕਰੋੜ,
ਉਸ ਨੇ ਜਿੱਤ ਕੇ ਰਿਸ਼ਵਤ ਦੀ ਜੜ੍ਹ ਕਰਨੀ ਡੂੰਘੀ ਹੋਰ।
ਜੋ ਬੱਚਾ ਲਾ ਬੈਠਾ ਮਾਡਲ ਸਕੂਲ ’ਚ ਹੋਰਾਂ ਦੀ ਕਰਕੇ ਰੀਸ,
ਹੁਣ ਉਹ ਪਛਤਾਵੇ, ਜਦ ਦੇ ਨਾ ਹੋਵੇ ਨਿੱਤ ਵਧਦੀ ਫੀਸ।
ਹੇਰਾ ਫੇਰੀ ਨਾਲ ’ਕੱਠੇ ਕੀਤੇ ਧਨ ’ਚੋਂ ਕੁਝ ਧਨ ਕਰਕੇ ਦਾਨ,



ਰੱਬ ਨੂੰ ਖੁਸ਼ ਕਰਨ ਦੀ ਨਾਕਾਮ ਕੋਸ਼ਿਸ਼ ਕਰੇ ਬੇਈਮਾਨ।
ਅਮੀਰਾਂ ਨੂੰ ਫਰਕ ਪੈਣਾ ਏਨੀ ਮਹਿੰਗਾਈ ਨਾਲ,
ਪਰ ਗਰੀਬਾਂ ਦਾ ਹੋ ਗਿਆ ਇਦ੍ਹੇ ਨਾਲ ਬੁਰਾ ਹਾਲ।
ਜਦ ਹਰੇ ਭਰੇ ਰੁੱਖ ਵੱਢਣ ਤੋਂ ਮਨੁੱਖ ਨਾ ਕਰੇ ਗੁਰੇਜ਼,
ਫੇਰ ਨਾ ਮੀਂਹ ਪੈਣੇ, ਨਾ ਆਣੋ ਹੱਟਣੇ ਝੱਖੜ ਤੇਜ਼।

**ਪਿੰਡ ਤੇ ਡਾਕ. ਰੱਕੜਾ ਢਾਹਾਂ**
**ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ**


□□□

# ਗ਼ਜ਼ਲ ਸੱਥ

## ਜ਼ਿੰਦਗੀ ਦੇ ਨਜ਼ਦੀਕ

**ਡਾ. ਜਸਵੰਤ ਬੇਗੋਵਾਲ**

ਬੜਾ ਚਿਰ ਵੇਖਿਆ ਮੈਂ ਜ਼ਿੰਦਗੀ ਦੇ ਨਾਲ ਨਾਲ ਰਹਿ ਰਹਿ ਕੇ।
ਨਾ ਫਿਰ ਵੀ ਅਰਥ ਪਾਇਆ ਏਸ ਦੇ ਮੈਂ ਕੋਲ ਬਹਿ ਬਹਿ ਕੇ।



ਮੇਰੇ ਅੱਜ ਜਜ਼ਬਿਆਂ ਦੀ ਵੀ ਅਨੋਖੀ ਏ ਅਦਾ ਵੇਖੋ,
ਚੜ੍ਹੇ ਨੇ ਪਾਣੀਆਂ ਵਾਂਗੂੰ ਅਨੇਕਾਂ ਵਾਰ ਲਹਿ ਲਹਿ ਕੇ।

ਸਮੇਂ ਦੇ ਨਾਲ ਤੁਰ ਕੇ ਵੀ ਅਸੀਂ ਨਾ ਜ਼ਿੰਦਗੀ ਸਮਝੀ,
ਦੁਖੀ ਇਹ ਨੇੜਿਓ ਤੇ ਖੁਸ਼ ਹੈ ਸਾਥੋਂ ਦੂਰ ਰਹਿ ਰਹਿ ਕੇ।

ਮੇਰੇ ਦਿਲ ਦੇ ਸਮੁੰਦਰ ਵਿੱਚ ਜਦੋਂ ਵੀ ਪਿਆਰ-ਛੱਲਾਂ ਔਣ,
ਕਿਨਾਰੇ ਆਸ ਦੇ ਬਝਦੇ ਨੇ ਲੱਖਾਂ ਵਾਰ ਢਹਿ ਢਹਿ ਕੇ।

ਮਸਲਦਾ ਸੀ ਸਮਾਂ ਸਾਨੂੰ ਰਹੇ ਜੀਂਦੇ ਅਸੀਂ ਫਿਰ ਵੀ,
ਨਾ ਨਿਕਲੀ ਜਾਨ ਹਾਲੇ ਵੀ ਸਮੇਂ ਦੀ ਮਾਰ ਸਹਿ ਸਹਿ ਕੇ।

ਮਿਲੀ ਮੈਨੂੰ ਨਾ ਮੰਜ਼ਿਲ ਕਿਉਂ ਇਹੋ ਹੀ ਸੋਚਦਾ ਸਾਂ ਅੱਜ,
ਗਿਆ ਹੈ ਖੋਰ ਕਾਇਆ ਨੂੰ ਇਹ ਹੜ੍ਹ ਸੋਚਾਂ ਦਾ ਵਹਿ ਵਹਿ ਕੇ।
ਕਿਸੇ ਵੇਲੇ ਵੀ ਮੌਸਮ ਦਾ ਅਸਰ ਹੋਇਆ ਨਾ ਰੁਖ ਉੱਪਰ,
ਹਵਾ ਉਂਝ ਤਾਂ ਗੁਜਰਦੀ ਹੀ ਰਹੀ ਇਸ ਨਾਲ ਖ਼ਹਿ ਖ਼ਹਿ ਕੇ।

ਭਟਕਦਾ ਹਾਂ ਖ਼ਲਾਅ ਵਿਚ ਮੈਂ ਪਿਆ ਚੁਪ ਚੁਪ ਕਦੋਂ ਦਾ ਹੀ,
ਕਰੇ ਦਿਲ ਇਹ ਕਿ ਸੰਘ ਅੱਜ ਪਾੜ ਲਾਂ ਮੈਂ ਦਿਲ ਦੀ ਕਹਿ ਕਹਿ ਕੇ।

98155-20784

□□□

## ਗ਼ਜ਼ਲ

**ਕੁਲਦੀਪ ਕੌਰ ਚੱਠਾ**



ਉਸ ਬਿਨ ਕੀ ਜ਼ਿੰਦਗਾਨੀ ਸੱਚ ਹੈ ਇਹ।
ਝੂਠ ਹੈ ਸਭ ਕੁਝ ਹੈ ਫ਼ਾਨੀ ਸੱਚ ਹੈ ਇਹ।

ਜਿਸ ਲਈ ਇਹ ਦਿਲ ਧੜਕਦਾ ਹੈ ਸਦਾ,
ਬਸ ਉਹੀ ਹੈ, ਦਿਲ ਦਾ ਜਾਨੀ ਸੱਚ ਹੈ ਇਹ।

ਦੋ ਬਦਨ ਇਕ ਜਾਂ ਸਦਾ ਹਾਂ ਮੈਂ ਤੇ ਉਹ
ਉਹ ਨਈਂ ਕੋਈ ਸ਼ੈਅ ਬਿਗਾਨੀ, ਸੱਚ ਹੈ ਇਹ

ਬਚਪਨਾ ਚੰਗਾ ਬੁਢਾਪਾ ਵੀ ਖਰਾ,
ਦੁੱਖ ਹੀ ਦੁੱਖ ਹੈ ਜਵਾਨੀ, ਸੱਚ ਹੈ ਇਹ।

ਜਾਨ ਵੀ ਉਸ ਦੀ, ਹੈ ਦਿਲ ਵੀ ਉਸਦਾ
ਸਾਹ ਮੇਰੇ ਉਸਦੀ ਨਿਸ਼ਾਨੀ ਸੱਚ ਹੈ ਇਹ।

ਰੱਬ ਜਿਹਾ ਦੀਦਾਰ ਹੈ ਉਸ ਸੱਜਣ ਦਾ
ਪ੍ਰੀਤ ਉਸਦੀ ਰੂਹਾਨੀ ਸੱਚ ਹੈ ਇਹ

ਉਸ ਬਿਨ ਚੱਠਾ ਭਲਾ ਕਰਨੇ ਕੀ ਤੂੰ
ਝਾਂਜਰਾਂ, ਕੋਕਾ ਤੇ ਗਾਨੀ ਸੱਚ ਹੈ ਇਹ

**ਪਿੰਡ ਗੋਬਿੰਦਪੁਰ**
**ਡਾ. ਪਾਇਲ (ਲੁਧਿਆਣਾ)**

□□□



## ਗ਼ਜ਼ਲ

**ਭਜਨ ਸਿੰਘ ਵਿਰਕ**

ਔਕੜਾਂ ਦੀ ਨਦੀ ਤਰੇ ਕੋਈ!
ਬੇਬਸੀ ਵਿਚ ਸਦਾ ਠਰੇ ਕੋਈ!!
ਜ਼ਾਲਮਾਂ ਨੇ ਖੁਸ਼ੀ ਮਨਾਉਣੀ ਹੈ;
ਕੋਈ ਜੀਵੇ ਜਾਂ ਫਿਰ ਮਰੇ ਕੋਈ।
ਜਾਨ ਮੇਰੀ 'ਚ ਜਾਨ ਉਸਦੀ ਹੈ;
ਰਹਿ ਰਿਹਾ ਹੈ ਪਰੇ ਪਰੇ ਕੋਈ।
ਤੇਜ਼ ਧੜਕਣ ਤੇ ਜ਼ਰਦ ਚਿਹਰਾ ਹੈ;
ਇਸ ਕਦਰ ਕਿਉਂ ਭਲਾ ਡਰੇ ਕੋਈ।
ਸੋਚਣਾ ਤੇ ਵਿਚਾਰਨਾ ਚੰਗਾ,
ਜਦ ਅਗੇਰੇ ਕਦਮ ਧਰੇ ਕੋਈ।
ਪੇਟ ਖ਼ਾਤਿਰ ਕੋਈ ਰੁਲ੍ਹੇ ਦਰ-ਦਰ;
ਮਾਣਦੈ ਸੁਖ ਸਦਾ ਘਰੇ ਕੋਈ?
'ਵਿਰਕ' ਸਾਰਾ ਕਸੂਰ ਤੇਰਾ ਹੈ;
ਤੂੰ ਕਰੇਂ, ਹੋਰ ਕਿਉਂ ਭਰੇ ਕੋਈ।

**ਪਿੰਡ ਤੇ ਡਾਕ ਵਿਰਕ**
**(ਜਲੰਧਰ)-144632**

□□□

## ਗ਼ਜ਼ਲ

**ਸੰਧੂ ਵਰਿਆਣਵੀ**

ਜੀਵਨ ਵਿੱਚ ਮੈਂ ਕੀ ਖੋਇਆ ਕੀ ਪਾਇਆ ਹੈ?
ਇਸ ਗੱਲ ਮੈਨੂੰ ਮੁੜ-ਮੁੜ ਸੋਚਣ ਲਾਇਆ ਹੈ।
ਸ਼ਹਿਰ ਤੇਰੇ ਦਾ ਜਦ ਵੀ ਮਿਲਿਆ ਬਸ਼ਰ ਕੋਈ,
ਹੋਂਦ ਤੇਰੀ ਦਾ ਉਸ ਅਹਿਸਾਸ ਕਰਾਇਆ ਹੈ।
ਹਾਦਸਿਆਂ ਦਾ ਦਰਦ ਅਵੱਲਾ ਸਹਿ ਸਹਿ ਕੇ,
ਨੈਣੋਂ ਹੰਝੂ ਮੁੱਕੇ ਦਿਲ ਪਥਰਾਇਆ ਹੈ।
ਹੰਭਲਾ ਮਾਰੋ! ਮੰਜ਼ਿਲ ਆਖਿਰ ਮਿਲ ਜਾਊ,
ਵਗਦੇ ਦਰਿਆ ਕੋਈ ਰੋਕ ਨਾ ਪਾਇਆ ਹੈ।
ਸਾਥ ਜਿਹਦਾ ਸੀ ਖੁਸ਼ੀਆਂ ਦੀ ਬਰਸਾਤ ਜਿਹਾ,

ਹਿਜਰ ਉਦ੍ਹੇ ਨੇ ਗ਼ਮ ਦਾ ਸੋਕਾ ਲਾਇਆ ਹੈ।
ਬਿਰਹਨ ਨੇ ਭਰਿਆ ਹੋਣੈ ਹਉਕਾ ਤਾਂ ਹੀ,
ਤੱਤਾ-ਤੱਤਾ 'ਵਾ ਦਾ ਬੁੱਲਾ ਆਇਆ ਹੈ।
ਇਸ ਰੁੱਖ ਤੋਂ ਹੁਣ ਆਸ ਨਾ ਰੱਖੋ ਛਾਵਾਂ ਦੀ,
'ਸੰਧੂ' ਇਸ ਦਾ ਹਰ ਪੱਤਾ ਮੁਰਝਾਇਆ ਹੈ।

**ਪਰਦੀਪ ਅਸ਼ਿਆਣਾ,**
**ਬਸੰਤ ਨਾਗਰ ਵਾਰਡ ਨੰ.10,**
**ਗੜ੍ਹਸ਼ੰਕਰ-144527 (ਹੁਸ਼ਿਆਰਪੁਰ)**

□□□

## ਗ਼ਜ਼ਲ

**ਪ੍ਰਤਾਪ 'ਪਾਰਸ' ਗੁਰਦਾਸਪੁਰੀ**

ਜੀਕਣ ਹੋਇਆ ਓਦਾਂ ਹੀ ਇਹ ਔਖਾ ਵਕਤ ਟਪਾਵਾਂਗੇ,
ਨਾ ਗ਼ੈਰਾਂ ਦੇ ਅੱਗੇ ਗ਼ੈਰਤ ਗਿਰਵੀ ਜਿਉਂਦਿਆਂ ਪਾਵਾਂਗੇ।

ਇਹ ਵੀ ਸੱਚ ਏ ਸੱਚ ਦੀਆਂ ਰਾਹਾਂ 'ਤੇ ਕੰਡੇ ਹੀ ਕੰਡੇ,
ਸਿੱਦਕ ਨਾਲ ਭਰੋਸੇ ਹੀ ਸਰ ਕਰ ਰਾਹਵਾਂ ਨੂੰ ਜਾਵਾਂਗੇ।

ਹਿੰਦੂ ਮੁਸਲਿਮ, ਸਿੱਖ, ਈਸਾਈ ਦਾ ਲੇਬਲ ਨਹੀਂ ਲਾਉਣਾ,
ਹੋ ਸਕਿਆ ਤਾਂ ਬੰਦੇ ਦਾ ਕਿਰਦਾਰ ਹੀ ਅਸੀਂ ਨਿਭਾਵਾਂਗੇ।

ਨਾ ਦੱਬੀ ਨਾ ਦੱਬਾਂਗੇ ਹੀ ਦਿਲੋਂ ਆਵਾਜ਼ ਇਹ ਉਠੀ,
ਚੌਂਕ-ਚੁਰਾਹੇ ਹਰ ਮਹਿਫ਼ਲ ਵਿੱਚ ਸੱਚ ਦਾ ਹੋਕਾ ਲਾਵਾਂਗੇ।

ਜੇ ਸਾਡੇ ਕੋਈ ਦਿਲ ਦਾ ਜਾਮਨ ਬਣਕੇ ਦਿਲ ਨੂੰ ਟੁੰਬੇ,
ਫੁੱਲ-ਕਲੀਆਂ ਕੀ ਰਾਹਾਂ ਦੇ ਵਿੱਚ ਦਿਲ ਦੀ ਅਸੀਂ ਵਿਛਾਵਾਂਗੇ।

ਜਾਵੋ ਉਸਨੂੰ ਕਹਿ ਦੇਵੋ ਉਹ ਰੱਖੇ ਮਿਲਖ-ਜਗੀਰਾਂ,
ਏਸ ਈਮਾਨ ਨੂੰ ਕਿਸੇ ਵੀ ਪਲੜੇ ਨਾ ਪਾ ਕੇ ਤੁਲਵਾਵਾਂਗੇ।

ਕੀ ਹੋਇਆ ਜੇ ਚਾਲ ਸਮੇਂ ਦੀ ਹੁਣ ਨਾ ਮਾਫ਼ਕ ਬਹਿੰਦੀ,
ਇਹ ਸਮਿਆਂ ਨੂੰ ਸਮਿਆਂ ਦੇ ਨਾਲ ਚੱਲਣਾ ਅਸੀਂ ਸਿਖਾਵਾਂਗੇ।

ਬੇਸ਼ੱਕ ਮੈਂ ਮਹਿਬੂਬਾ ਦੀ ਝੋਲੀ ਵਿਚ ਤਾਰੇ ਪਾ ਨਾ ਸਕਿਆ,
ਸੋਚਾਂ ਦੇ ਇਕ ਮੱਘਦਾ ਸੂਰਜ ਵਿਹੜੇ ਵਿਚ ਉਗਾਵਾਂਗੇ।



ਇਸ "ਪਾਰਸ" ਨੂੰ ਪਾਉਣਾ ਸੱਚੀਂ ਹੈ ਹੁਣ ਥੋੜਾ ਔਖਾ,
ਸੁਰ ਮਿਲਗੀ ਤਾਂ ਤਨ, ਮਨ, ਧਨ ਵੀ ਆਪਣਾ ਜਾਣ ਲੁਟਾਵਾਂਗੇ।

**ਹਰਦੋਛੰਨੀ ਰੋਡ, ਪ੍ਰੇਮ ਨਗਰ**
**787/10 ਨੇੜੇ ਮਹਿਤਾ ਪੀ.ਸੀ.ਓ. , ਗੁਰਦਾਸਪੁਰ**

□□□

## ਗ਼ਜ਼ਲ

**ਅਮਰਜੀਤ ਹਰੜ**



ਕਹਾਣੀ ਨਹੀਂ ਕਿਰਦਾਰ ਬਣ ਤੂੰ
ਢਾਲ ਨਹੀਂ ਤਲਵਾਰ ਬਣ ਤੂੰ।
ਇਕੋ ਨਜ਼ਰੀਂ ਵੇਖੇ ਸਭ ਨੂੰ
ਐਸੀ ਇਕ ਸਰਕਾਰ ਬਣ ਤੂੰ॥
ਭੀੜ ਪਈ ਜੇ ਦੇਸ਼ ਮੇਰੇ ਤੇ,
ਬਣ ਪਰਬਤ ਪਹਿਰੇਦਾਰ ਖੜ੍ਹ ਤੂੰ॥
ਵੱਖਰਾ ਭੇਸ ਬਣਾ ਨਾ ਕੋਈ
ਪੱਗ ਵਾਲਾ ਸਤਿਕਾਰ ਬਣ ਤੂੰ॥
ਧਰਤੀ ਦੇ ਖਿਆਲਾਂ ਵਿੱਚ ਰਹਿ ਕੇ,
ਅੰਬਰ ਵਿਚਲੀ ਪਰਵਾਜ਼ ਬਣ ਤੂੰ॥
ਕਲਾਵੇ ਵਿੱਚ ਭਰਕੇ ਮਸਤੀ,
ਝਾਂਜਰ ਦੀ ਛਣਕਾਰ ਬਣ ਤੂੰ।
ਗੀਤਾਂ ਵਿੱਚ ਜੇ ਜਾਨ ਫੂਕਣੀ।
ਤਾਣ ਕੋਈ ਦਮਦਾਰ ਬਣ ਤੂੰ।
ਤੇਰੇ ਸਾਰੇ ਔਗੁਣ ਜੋ ਹਰ ਲਏ,
ਐਸਾ ਮਿੱਤਰ ਮਦਦਗਾਰ ਬਣ ਤੂੰ॥
ਇਸ਼ਕ ਹਕੀਕੀ ਦਾ ਪਾ ਕੇ ਬਾਣਾ,
ਮਹਿਰਮ ਦੇ ਲਈ ਪਿਆਰ ਬਣ ਤੂੰ।

**# 1124, ਫੇਸ 3**
**ਮਾਡਲ ਟਾਊਨ, ਬਠਿੰਡਾ**

□□□

## ਗ਼ਜ਼ਲ

**ਸਰਦਾਰ ਪੰਛੀ**

ਕਿੰਨੀ ਅਜੀਬ ਜੰਗ ਹੈ ਇਹ ਬਹਿ ਕੇ ਨਾਲ ਨਾਲ।
ਸਾਹਾਂ ਦੇ ਵਾਰ ਰੋਕਣਾ ਸਾਹਾਂ ਦੀ ਢਾਲ ਨਾਲ।

ਸੂਖਮ ਖ਼ਿਆਲ ਨਾਲ ਤੇ ਫ਼ਨ ਦੇ ਕਮਾਲ ਨਾਲ।
ਸ਼ਿਅਰਾਂ ਦੇ ਫੁੱਲ ਲੱਗਦੇ ਨੇ ਗ਼ਜ਼ਲਾਂ ਦੀ ਡਾਲ ਨਾਲ।

ਨਗ਼ਮਾ, ਗ਼ਜ਼ਲ, ਰੁਬਾਈ, ਕਹਾਣੀ, ਮੁਸਵਿਹੀ;
ਕੀ ਕੀ ਨਿਕਲ ਕੇ ਆ ਗਿਆ ਦਿਲ ਦੇ ਉਬਾਲ ਨਾਲ।

ਕਰ ਤਾਂ ਲਿਆ ਹੈ ਇਸ਼ਕ ਸੰਗ ਇਸ ਦਿਲ ਨੇ ਕਾਰੋਬਾਰ,
ਨਿਭਦੀ ਹੈ ਵੇਖੋ ਕਿਸ ਤਰ੍ਹਾਂ ਇਸ ਭਾਈਵਾਲ ਨਾਲ।

ਇਕ ਦਰਦ ਦੋ ਦੋ ਮੋਸਮਾਂ ਦੇ ਨਾਲ ਜੁੜ ਗਿਆ,
ਹੋਕਾ ਹੁਨਾਲ ਨਾਲ ਤੇ ਸਿਸਕੀ ਸਿਆਲ ਨਾਲ।
ਉਸਦੀ ਵੀ ਝੋਲ ਮੋਤੀਆਂ ਦੇ ਨਾਲ ਭਰ ਗਈ ;
ਪੂੰਝੇ ਗ਼ਜ਼ਲ ਦੇ ਅੱਥਰੂ ਜਿਸ ਨੇ ਰੁਮਾਲ ਨਾਲ।

ਉਸ ਨੇ ਮਨਾ ਹੀ ਲੈਣਾ ਆਪਣੇ ਰੁੱਸੇ ਯਾਰ ਨੂੰ;
ਜਿਸ ਨੇ ਵੀ ਨੱਚਣਾ ਸਿੱਖ ਲਿਆ ਬਹਿਰਾਂ ਦੀ ਤਾਲ ਨਾਲ।

ਇਸ ਨੂੰ ਸੰਜੀਦਾ ਹੋਣ ਲਈ ਕੁਝ ਆਖ ਦਿਲਬਰਾ;
ਤੇਰਾ ਜਵਾਬ ਖਹਿ ਰਿਹਾ ਮੇਰੇ ਸਵਾਲ ਨਾਲ।

ਇਹ ਇੱਕੋ ਮਾਂ ਦੇ ਲਾਡਲੇ ਜੁੜਵਾਂ ਨੇ ਵੀਰ ਦੋ;
ਜੰਮਦਾ ਹਮੇਸ਼ਾ ਹਿਜ਼ਰ ਹੈ ਆਪਣੇ ਵਿਸਾਲ ਨਾਲ।

ਜਾਵੇ ਤਾਂ ਜਾਵੇ ਕਿਸ ਤਰ੍ਹਾਂ ਛੱਡ ਕੇ ਅਰਾਮਗਾਹ;
ਪੰਛੀ ਦਾ ਪਿਆਰ ਪੈ ਗਿਆ ਜ਼ੁਲਫਾਂ ਦੇ ਜਾਲ ਨਾਲ।

**ਜੇਠੀ ਨਗਰ, ਮਲੇਰਕੋਟਲਾ**
**ਰੋਡ ਖੰਨਾ 141401**

□□□



## ਗ਼ਜ਼ਲ

**ਕਲਿਆਣ ਅੰਮ੍ਰਿਤਸਰੀ**

ਉਹ ਰਾਹ ਹੁੰਦੇ ਵਾਂਗਰ ਮਾਵਾਂ।
ਦੇਣ ਦੋ ਮੰਜ਼ਿਲ ਦਾ ਸਿਰਨਾਵਾਂ।

ਵੇਖ ਕੈਸੀ ਰੁਤ ਬਦਲੀ ਹੈ,
ਹੁਣ ਤਾਂ ਰੁੱਖ ਵੀ ਭਾਲਣ ਛਾਵਾਂ।

ਹੋ ਜਾਵਾਂ ਨਾ ਹੋਰ ਵੀ ਮੈਲਾ,
ਏ ਡਰੋਂ ਨਾ ਗੰਗਾ ਨਾਵ੍ਹਾਂ।

ਭੀੜ ਭਰਾਵਾਂ ਦੀ ਵਿੱਚ ਯਾਰੋ
ਕੋਈ ਨਾ ਮਿਲਿਆ ਵਾਂਗ ਭਰਾਵਾਂ।

ਬੰਦ ਚਿੜੀਆਂ ਦੀ ਚੂੰ-ਚੂੰ ਹੋਈ,
ਹੁਣ ਤਾਂ ਰੌਲੀ ਪਾਈ ਕਾਵਾਂ।

ਬਾਹਰ ਤਾਂ ਹੁਣ ਚੁੱਪ ਹੀ ਚੁੱਪ ਹੈ,
ਅੰਦਰ ਰੌਲੀ ਪਾਈ ਚਾਵਾਂ।

ਸੁੱਤੇ ਕੀਕਰ ਦੇਣ ਹੁੰਗਾਰਾ,
ਕਿਸਨੂੰ ਦਿਲ ਦੀ ਬਾਤ ਸੁਣਾਵਾਂ।

ਮੈਂ ਤਾਂ ਵਾਸੀ ਹਾਂ ਮਹਿਕਾਂ ਦਾ,
ਪੌਣਾਂ ਹਨ ਮੇਰਾ ਸਰਨਾਵਾਂ।

ਬੰਦਾ ਬਸ ਹੋ ਜਾਏ ਬੰਦਾ,
ਹਰਦਮ ਏਹੋ ਕਰਾਂ ਦੁਆਵਾਂ।

ਸੱਚ ਜੇ ਹੈ ਤਾਂ ਮੈਂ ਹਾਂ ਯਾਰੋ,
ਇਸ ਤੋਂ ਮੁਨਕਰ ਕਿੰਜ ਹੋ ਜਾਵਾਂ।

**1096, ਗਲੀ ਨੰ. 7**
**ਅਬਾਦੀ ਕਰਮਪੁਰਾ (ਅੰਮ੍ਰਿਤਸਰ)**

□□□

# ਗ਼ਜ਼ਲ

**ਸੁਖਵਿੰਦਰ ਸਿੰਘ ਲੋਟੇ**

ਕਿਤਾਬਾਂ ਜਦ ਬਣੇ ਅਥਰੂ ਉਦੀਂ ਸੰਭਾਲ ਰੱਖਾਂਗਾ।
ਰਵਾਇਆ ਜਾਨ ਮੇਰੀ ਨੇ ਨਿਸ਼ਾਨੀ ਨਾਲ ਰੱਖਾਂਗਾ।

ਨਿਰਾ ਰੇਤ ਭਰੀ ਬੈਠੇ ਉਹੋ ਦਿਲ ਦੇ ਸਮੁੰਦਰ ਵਿੱਚ,
ਖਿਆਲੀਂ ਊਠ ਦੀ ਕਿਸ਼ਤੀ ਬਣ ਹਰ ਹਾਲ ਰੱਖਾਂਗਾ।

ਕਦੀ ਦਿਲ ਦੇ ਚੁਬਾਰੇ ਵਿੱਚ ਪਧਾਰੋ ਦੋਸਤੀ ਖ਼ਾਤਰ,
ਸਵਾਗਤ ਹੈ ਮੁਹੱਬਤ ਦੇ ਭਰੇ ਮੈਂ ਥਾਲ ਰੱਖਾਂਗਾ।

ਹਨ੍ਹੇਰਾ ਛਾ ਨਹੀਂ ਸਕਦਾ ਮੁਹੱਬਤ ਦੇ ਕਿਲੇ ਅੰਦਰ,
ਉਨ੍ਹਾਂ ਦੇ ਨਾਮ ਦਾ ਦੀਵਾ ਸਦਾ ਮੈਂ ਬਾਲ ਰੱਖਾਂਗਾ।

ਨਦੀ ਬਣ ਕੇ ਪਧਾਰੇ ਹੋ ਕਦੀ ਸਿੰਜੋ ਅਸਾਂ ਨੂੰ ਵੀ,
ਮੜ੍ਹਾ ਸੋਨਾ, ਜੜਾ ਹੀਰੇ ਬਣਾ ਕੇ ਖ਼ਾਲ ਰੱਖਾਂਗਾ।

ਜ਼ਰਾ ਦੱਸੀਂ ਕਦੋਂ ਖਿੜਨੈ ਗੁਲਾਬੀ ਮੁੱਖੜਾ ਤੇਰਾ,
ਦਵਾਨੀ ਇਸ਼ਕ ਦੀ ਬਣਦੀ ਸਦਾ ਮੈਂ ਭਾਲ ਰੱਖਾਂਗਾ।

ਜਵਾਨੀ ਮਸਤ ਹੈ 'ਲੋਟੇ' ਦੁਲੱਤੇ ਮਾਰਦੈ ਜੋਬਨ,
ਉਡਾਰੀ ਮਾਰ ਨਾ ਜਾਵੇ, ਬਣਾ ਕੇ ਜਾਲ ਰੱਖਾਂਗਾ।

**# 319/2, ਪ੍ਰੀਤ ਵਿਹਾਰ ਕਲੋਨੀ**
**ਧੂਰੀ** – 148024

□□□



# ਜ਼ਖਮੀ ਪ੍ਰਭਾਤ

**ਜੇ.ਪੀ. ਸਿੰਘ ਖਰਲਾਂ ਵਾਲੇ**

ਹਨ੍ਹੇਰਿਆਂ ਨਾਲ ਲੜਦਿਆਂ ਰੋਜ਼ ਜ਼ਖਮੀ ਪ੍ਰਭਾਤ ਹੁੰਦੀ ਹੈ।
ਚਾਨਣੀ ਤੇ ਚੇਤਨਾਂ ਨਾਲ ਅਕਸਰ ਮੇਰੀ ਬਾਤੀ ਹੁੰਦੀ ਹੈ।
ਚਿੜੀਆਂ ਦੇ ਬੋਟਾਂ ਦੀ ਆਲਣੇ ਵਿੱਚ ਵੀ ਖੈਰ ਨਹੀਂ,
ਇੱਕ ਦੋਸਤ ਤੇ ਦੁਸ਼ਮਣਾਂ ਦੀ ਬਰਾਤ ਵੀ ਹੁੰਦੀ ਹੈ।
ਸਾਰੀ ਉਮਰ ਮਜ਼ਦੂਰ ਮਹਿਲ ਬਣਾਉਂਦਾ ਲੋਕਾਂ ਦੇ,
ਆਪਦਾ ਉਹਦਾ ਚੌਦਾਂ ਢਾਰਾਂ ਤੇ ਸਵਾਤ ਹੁੰਦੀ ਹੈ।
ਤਰਕਾਲਾਂ ਨੂੰ ਤਪਾਈਏ ਨਾ ਦਰਦੀਲੇ ਦਿਲ ਭੁੱਲਕੇ ਵੀ,
ਡੁੱਬਦੇ ਸੂਰਜ ਨੂੰ ਵੇਖਣ ਦੀ ਮੇਰੀ ਚਾਹਤ ਹੁੰਦੀ ਹੈ।
ਆਰੀ ਜਦੋਂ ਫੇਰੇ ਕੋਈ ਅਰਮਾਨਾਂ ਦੇ ਸੀਨੇ ਤੇ,
ਰੀਝਾਂ ਰੋਂਦੀਆਂ ਤੇ ਜ਼ਖਮੀ ਮੁਸਕਰਾਹਟ ਹੁੰਦੀ ਹੈ।
ਦਰਿਆਵਾਂ ਦੇ ਦਿਲ ਉਦੋਂ ਦਰਿਆ ਹੁੰਦੇ ਨੇ,
ਸਾਉਣ ਮਹੀਨੇ ਜਦੋਂ ਕਿਣਮਿਣ-ਕਿਣਮਿਣ ਬਰਸਾਤ ਹੁੰਦੀ ਹੈ।
ਸ਼ਾਮ ਨੂੰ ਟੁਨੱ ਹੁੰਨੇ ਸੱਤਾਧਾਰੀ ਤੇ ਸਾਹਿਬ ਸਾਰੇ
ਕਿਰਤੀਆਂ ਸਿਰ ਤੇ ਚੁੱਕੀ ਬੋਝ ਦੀ ਪਰਾਤ ਹੁੰਦੀ ਹੈ।
ਪੁੱਛਦਾ ਫਿਰਦੈ ਮੈਂ ਅੱਜ ਤੱਕ ਕਈਆਂ ਤੋਂ,
ਧਰਤੀ ਮਾਂ ਤੇ ਅੰਬਰ ਦੀ ਕੋਈ ਜਾਤ ਹੁੰਦੀ ਹੈ।
ਅਸਮਾਨ 'ਚ ਉਡਦੀਆਂ ਮੈਂ ਨਹੀਂ ਫੜਦਾ ਕਦੇ ਵੀ,
ਉਨਾਂ ਚੁੱਕਦਾ ਵਜ਼ਨ ਜਿੰਨੀ ਮੇਰੀ ਔਕਾਤ ਹੁੰਦੀ ਹੈ।
ਐਕਸਰਿਆਂ ਵਿਚ ਨਹੀਂ ਆਉਂਦੇ ਜ਼ਖਮ ਇਸ਼ਕ ਦੇ,
ਜਿਗਰੇ-ਇਸ਼ਕ ਵਾਲਿਆਂ ਦੀ ਜ਼ਿੰਦਗੀ ਸਰਾਪ ਹੁੰਦੀ ਹੈ।
ਵੱਢੋ ਨਾ ਰਹਿਮ ਕਰੋ ਕੁਝ ਰੁੱਖਾਂ ਤੇ,
ਜਿਸ ਮਤੇ ਜ਼ਮੀਨ ਨੂੰ ਧੁੱਪ ਤੋਂ ਕੁਝ ਰਾਹਤ ਹੁੰਦੀ ਹੈ।
ਨਖਰਿਆਂ ਨਾਲ ਖਾਣ ਕਤੂਰੇ ਮੀਟ, ਆਂਡੇ ਤੇ ਬਿਸਕੁੱਟ
ਦਸ਼ਾ ਵੇਖ ਬਜ਼ੁਰਗਾਂ ਦੀ ਦੁਖੀ ਕਾਇਨਾਤ ਹੁੰਦੀ ਹੈ।
ਜਵਾਨੀ ਦੀ ਲਵੀ ਫਸਲ ਨੂੰ ਸਮੈਕ, ਚਿੱਟਾ ਖਾ ਰਿਹੈ,
ਜਵਾਨੀ ਦੀ ਯੋਗਤਾ ਦੇਸ਼ ਲਈ ਸੁਗਾਤ ਹੁੰਦੀ ਹੈ।

ਨੀਵੀਆਂ ਪਾ ਕੇ ਮੁਸਕਰਾਉਂਦੇ ਜਦੋਂ ਫੁੱਲ,
ਚਿਰਾਂ ਤੋਂ ਵਿਛੜਿਆਂ ਦੀ ਸਮਝੋ ਮੁਲਾਕਾਤ ਹੁੰਦੀ ਹੈ।
ਮੱਥੇ ਤੇ ਲਿਖੀਆਂ ਨੂੰ ਕਈ ਮੰਨਦੇ ਨੇ ਮੰਨੀ ਜਾਣ,
ਮੈਂ ਨਹੀਂ ਮੰਨਦਾ ਕਿ ਕਰਮਾਂ 'ਚ ਲਿਖੀ ਕੋਈ ਦਾਤ ਹੁੰਦੀ ਹੈ।
ਮੇਹਨਤ ਕਰਦਿਆਂ ਮਿੱਟ ਗਈਆਂ ਹੱਥ ਦੀਆਂ ਰੇਖਾਵਾਂ,
ਬੂਹੇ ਬੈਠੀ ਗੁਰਬੱਤ ਫਿਰ ਵੀ ਆਪ ਹੁੰਦੀ ਹੈ।
ਮੁਕੱਦਰਾਂ ਵਾਲੀ ਬੜੀ ਵਾਹੀ ਜ਼ਮੀਨ ਜੇ.ਪੀ.ਨੇ,
ਅੰਤ ਉਥੇ ਹੋਇਆ ਜਿਥੋਂ ਸ਼ੁਰੂਆਤ ਹੁੰਦੀ ਹੈ।

**98882-18022**

□□□

# ਸਮੀਖਿਆ

## ਆਤਮ ਚਿੰਤਨ ਦੀ ਸਮਾਜਿਕ ਸਾਖੇਪਤਾ ਦਾ ਕਾਵਿ

**ਤੇਜਵੰਤ ਮਾਨ (ਡਾ.)**

ਪੰਜਾਬੀ ਕਾਵਿ ਦੇ ਖੇਤਰ ਵਿੱਚ ਬਹੁਤ ਸਾਰੇ ਹਥ-ਲਿਖਤ ਖਰੜੇ ਪੰਜਾਬ ਦੇ ਡੇਰਿਆਂ, ਬਜ਼ੁਰਗਾਂ ਦੀ ਨਿਸ਼ਾਨੀ ਵਜੋਂ ਘਰਾਂ ਵਿਚ ਅਣਗੌਲੇ ਪਏ ਹਨ। ਜਿਨ੍ਹਾਂ ਦੀ ਖੋਜ ਸੰਭਾਲ ਕਰਨਾ ਯੂਨੀਵਰਸਿਟੀਆਂ, ਭਾਸ਼ਾ ਵਿਭਾਗ, ਸਾਹਿਤ ਅਕਾਦਮੀਆਂ ਵਰਗੀਆਂ ਸਮਰੱਥ ਸੰਸਥਾਵਾਂ ਦਾ ਕੰਮ ਹੈ। ਪਿਛਲੇ ਦਿਨ ਵਿਦਵਾਨ ਖੋਜੀ ਸ. ਗੁਰਨਾਮ ਸਿੰਘ ਜੋ ਕਿੱਤੇ ਵਜੋਂ ਭਾਵੇਂ ਮਾਲ ਮਹਿਕਮੇ ਵਿਚ ਕਾਨੂੰਨਗੋ ਹਨ ਆਪਣ ਪਿਤਾ ਸਵਰਗੀ ਨਿਹਾਲ ਸਿੰਘ ਗਾਇਡ ਲਿਖਤ ਕਵਿਤਾ ਦਾ ਖਰੜਾ ਮੇਰੇ ਪਾਸ ਲੈ ਕੇ ਆਏ। ਮੈਂ ਖਰੜ ਦੀਆਂ ਛੰਦ-ਬਧ ਰਚਨਾਵਾਂ ਉਤੇ ਸਰਸਰੀ ਨਿਗਾਹ ਮਾਰੀ ਤਾਂ ਮੈਨੂੰ ਲੱਗਿਆ ਕਿ ਨਿਹਾਲ ਸਿੰਘ ਹੁਰਾਂ ਦੀਆਂ ਇਹ ਅਧਿਆਤਮਿਕ ਮੁਹਾਵਰੇ ਵਿਚ ਲਿਖੀਆਂ ਕਵਿਤਾਵਾਂ ਸੰਭਾਲਣੀਆਂ ਚਾਹੀਦੀਆਂ ਹਨ। ਸ. ਗੁਰਨਾਮ ਸਿੰਘ ਹੁਰਾਂ ਦੀ ਵੀ ਇਹੀ ਇੱਛਾ ਸੀ। ਉਹ ਇਸ ਖਰੜੇ ਨੂੰ ਵਾਚਨ ਅਤੇ ਮੁਖ-ਸ਼ਬਦ ਲਿਖ ਦੇਣ ਲਈ ਮੇਰੇ ਪਾਸ ਛੱਡ ਗਏ। ਕਵਿਤਾਵਾਂ ਪੜ੍ਹਦਿਆਂ ਮੈਨੂੰ ਅਹਿਸਾਸ ਹੋਇਆ ਕਿ ਨਿਹਾਲ ਸਿੰਘ ਆਪਣੀਆਂ ਰਚਨਾਵਾਂ ਵਿਚ ਇਕ ਸੰਦੇਸ਼ਵਾਹਕ (ਗਾਈਡ) ਦੇ ਤੌਰ ਤੇ ਵਿਚਰਦਾ ਹੈ। ਭਾਵੇਂ ਉਸ ਦਾ ਮੁਹਾਵਰਾ ਅਧਿਆਤਮਕ ਨਿਰਪੇਖਤਾ ਨੂੰ ਬਲ ਦਿੰਦਾ ਹੈ ਪਰ ਉਹ ਮਾਨਵੀ ਕਰਮ ਦੇ ਸਮਾਜੀ ਸੰਦਰਭ ਨੂੰ ਨਕਾਰਦਾ ਨਹੀਂ।



ਸਵਰਗੀ ਕਵੀਸ਼ਰ ਨਿਹਾਲ ਸਿੰਘ 'ਗਾਈਡ' ਗੁਰਮਤਿ ਵਿਚਾਰਧਾਰਾ ਨੂੰ ਪ੍ਰਣਾਇਆ ਹੋਇਆ ਇਕ ਪਰਵਦਗਾਰ ਦੀ ਨਿਸ਼ਠਾਈ ਹੋਂਦ ਨੂੰ ਸਵੀਕਾਰਨ ਵਾਲਾ ਕਵੀ ਹੈ। ਇਸ ਸੰਦਰਭ ਵਿਚ ਨਿਹਾਲ ਸਿੰਘ ਦੀ ਇਸ ਕਾਵਿ-ਰਚਨਾ 'ਫੁੱਲਾਂ ਦੀ ਖੁਸ਼ਬੋ' ਦਾ ਕੇਂਦਰ 'ਫੁੱਲ' ਦੀ ਸੂਰਤ ਵੀ ਹੈ ਅਤੇ 'ਖੁਸ਼ਬੋ' ਦੀ ਸੀਰਤ ਵੀ। ਇਸ ਦੀ ਕਾਵਿ-ਚੇਤਨਾ ਵਿਚ ਦੋਵੇਂ ਇਕ ਮੂਰਤ ਹੋ ਜਾਂਦੇ ਹਨ।

ਨੀ ਅੜੀਏ ਪਲ ਦੋ ਪਲ ਤਾਂ
ਸਾਡੇ ਬਾਗਾਂ ਵਿਚ ਖਲੋ
ਜਿਧਰ ਤੱਕੇ ਓਧਰੋਂ ਆਵੇਂ
ਫੁੱਲਾਂ ਦੀ ਖੁਸ਼ਬੋ,
ਗਰਮੀ ਸਰਦੀ ਭਾਰੀ ਸਹਿਕੇ
ਫਿਰ ਵੀ ਸਭ ਨੂੰ ਦੇਵਣ ਹਾਸੇ
ਨਾਲ ਖੁਸ਼ਬੋਆਂ ਝੋਲੀਆਂ ਭਰਦੇ
ਕਿਸੇ ਨੂੰ ਜਾਣ ਨਾ ਦੇਣ ਨਿਰਾਸ਼ੇ
ਟਹਿ ਟਹਿ ਕਰਦੇ ਰੰਗ ਇਨ੍ਹਾਂ ਦੇ
ਮਾਨ ਵਿਚ ਕਿਆਰਿਆਂ ਜੋ
ਨੀ ਅੜੀਏ ਪਲ਼ ਦੋ ਪਲ਼ ਤਾਂ
ਸਾਡੇ ਬਾਗਾਂ ਵਿਚ ਖਲੋ।

(ਫੁੱਲਾਂ ਦੀ ਖੁਸ਼ਬੋ)

ਇਸ ਸਥਿਤੀ ਵਿਚ ਕਵੀ ਦੀ ਚੇਤਨਾ ਦਿਕਤ ਇਹ ਮਹਿਸੂਸ ਕਰਦੀ ਹੈ ਕਿ ਉਹ ਸਮਝ ਨਹੀਂ ਪਾ ਰਿਹਾ ਕਿ ਪਰਮ-ਆਤਮਾ ਦੀ ਨਿਰਪੇਖ ਸੂਰਤ 'ਫੁੱਲ' ਸੱਚ ਹੈ ਜਾਂ ਪਰਮ-ਮਨੁੱਖ ਦੀ ਕਰਤਾਰੀ ਸਾਪੇਖਤਾ 'ਖੁਸ਼ਬੋ' ਸੱਚ ਹੈ। ਮੈਨੂੰ ਨਿਹਾਲ ਸਿੰਘ ਹੁਰਾਂ ਦੀ ਕਵਿਤਾ ਦਾ ਅਧਿਐਨ ਕਰਦਿਆਂ ਤਸੱਲੀ ਹੋਈ ਕਿ 'ਗਾਈਡ' ਦੋਹਾਂ ਸਥਿਤੀਆਂ ਦੀ ਆਪਸੀ ਨਿਰਭਰਤਾ ਨੂੰ ਮਾਨਤਾ ਦਿੰਦਾ ਹੈ। ਉਸ ਦਾ ਕਾਵਿ 'ਸੱਚੇ ਨਾਮ' 'ਚ ਰੱਤੇ ਮਾਨਵ ਦੀ ਭਾਵ ਵੀ ਕਰਦਾ ਹੈ ਅਤੇ ਸੱਚੇ ਨਾਮ ਦੀ ਪੂੰਜੀ ਦਾ ਜੀਵਨ ਬੀਮਾ ਕਰਨ ਵਾਲੇ ਏਜੰਟ ਦੀ ਥਾਹ ਵੀ ਪਾ ਲੈਂਦਾ ਹੈ।

ਜਨਮ-ਮਰਨ ਤੋਂ ਰਹਿਤ ਹੋਣ ਦਾ ਮੇਰਾ ਸਤਿਗੁਰ ਬੀਮਾ ਕਰਦਾ
ਫੇਲ ਹੋਣ ਵਾਲੀ ਨਹੀਂ ਇਹ ਕੰਪਨੀ ਨਾ ਸਰਮਾਇਆ ਮਰਦਾ
ਸੱਚੇ ਨਾਮ 'ਚ ਰੱਤੇ ਬੰਦੇ ਦਾ ਜਿਸ ਘਰ ਵਿਚ ਹੋਵੇ ਵਾਸਾ
ਘਾਟਾ ਨਾ ਆਵੇ ਕਦੇ ਕਿਸੇ ਨੂੰ ਜੋ ਹੋਇਆ ਇਸ ਘਰ ਦਾ।

(ਜੀਵਨ ਬੀਮਾ)

ਨਿਹਾਲ ਸਿੰਘ ਗਾਈਡ ਦੀ ਕਾਵਿ ਰਚਨਾ ਵਿਚ ਪਰਿਕਲਪਤ ਪਰਮ-ਦਾਤਾ ਅਤੇ ਸਾਖਿਅਤ ਮਾਨਵ-ਦਾਤਾ ਦੋਵੇਂ ਨਿਰਪੇਖ ਨਹੀਂ ਹਨ। ਸਗੋਂ ਨਿਰਗੁਣ ਅਤੇ ਸਰਗੁਣ ਬਿੰਬ ਹਨ। 'ਭਾਈ ਕਨ੍ਹਈਆ ਕਵਿਤਾ ਦਾ ਨਾਇਕ ਦੋਹਾਂ ਸਥਿਤੀਆਂ ਵਿਚ ਸਿਰਜਨਾਤਮਕ ਮਾਨਵ ਹਿਤੈਸ਼ੀ ਹੈ।

ਜਿਧਰ ਨਜ਼ਰ ਮਾਰਾਂ ਓਧਰ ਤੂੰ ਹੀ ਤੂੰ
ਤੇਰਾ ਰੂਪ ਹੀ ਸਭ 'ਚ ਨਜ਼ਰ ਆਇਆ
ਆਪਣਾ ਜਾਣ ਸਭ ਨੂੰ ਮਲਮ ਕੀਤੀ
ਮਾਨਵਤਾ ਨੂੰ ਸੀ ਪਾਣੀ ਪਿਲਾਇਆ
ਨਾ ਹਿੰਦੂ ਨਾ ਮੁਸਲਮਾਨ ਕੋਈ
ਨਾ ਸਿੱਖ ਸੀ ਮੈਨੂੰ ਨਜ਼ਰ ਆਇਆ
(ਭਾਈ ਕਨ੍ਹਈਆ ਜੀ)

ਮੇਰੀ ਸਮਝ ਵਿਚ ਕਵੀ ਨਿਹਾਲ ਸਿੰਘ ਦਾ ਕਾਵਿ-ਚਿੰਤਨ ਦਿੱਖ ਦੀ ਸੀਮਾ ਤੋਂ ਪਾਰ ਦਾ ਸਫ਼ਰ ਕਰਦਾ ਹੈ ਅਤੇ ਭਾਈ ਕਨ੍ਹਈਆ ਨੂੰ ਕਿ ਮੈਟਾਫ਼ਰ ਵਜੋਂ ਪਰਮਦਾਤਾ ਅਤੇ ਮਾਨਵਦਾਤਾ ਦੇ ਰੂਪ ਵਿਚ ਪਹਿਚਾਣਦਾ ਹੈ। ਨਿਹਾਲ ਸਿੰਘ ਦੇ ਕਾਵਿਤਾ ਦਾ ਮੰਤਵੀ ਮੁੱਲ ਵੀ ਇਸ ਇਕਾਤਮਕਤਾ ਉਤੇ ਹੀ ਟਿਕਿਆ ਹੋਇਆ ਹੈ। ਮੁਗਲ ਅਤੇ ਸਿੱਖ ਫੌਜਾਂ ਦੇ ਯੁੱਧ ਵਿੱਚ ਨਿਰਪੇਖ ਦੁਸ਼ਮਣੀ ਦੇ ਨੁਕਤੇ ਤੋਂ ਭਾਈ ਕਨ੍ਹਈਆ ਨੂੰ ਮੁਗ਼ਲ ਫੌਜਾਂ ਭਾਵ ਦੁਸ਼ਮਣ ਨੂੰ ਪਾਣੀ ਨਹੀਂ ਸੀ ਪਿਲਾਉਣਾ ਚਾਹੀਦਾ। ਪਰ ਮਾਨਵੀ ਸਾਪੇਖਤਾ ਵਜੋਂ ਭਾਈ ਕਨ੍ਹਈਆ ਦਾ ਇਹ ਕਰਮ ਪਰਮਦਾਤਾ ਅਤੇ ਮਾਨਵਦਾਤਾ ਨੂੰ ਇਕ ਰੂਪ ਕਰ ਦਿੰਦਾ ਹੈ। ਇਹੀ ਇਕ ਰੂਪਤਾ ਸਾਡੀ ਕੌਮੀਅਤ ਦਾ ਸਭਿਆਚਾਰਕ, ਦਾਰਸ਼ਨਿਕ, ਇਤਿਹਾਸਕ, ਭਾਸ਼ਨ ਕਾਵਿ-ਬਿੰਬ ਬਣਦਾ ਹੈ। ਜਿਸ ਕਾਵਿ-ਬਿੰਬ ਉਤੇ ਪੰਜਾਬੀ ਕੌਮ ਨੂੰ ਮਾਣ ਹੈ।

ਨਰਸੀ ਭਗਤ ਦਾ ਪ੍ਰਸੰਗ ਨਿਹਾਲ ਸਿੰਘ ਗਾਈਡ ਦੁਆਰਾ ਰਚਿਤ ਚੰਪੂ-ਕਾਵਿ ਦਾ ਉਤਮ ਨਮੂਨਾ ਹੈ। ਕਵੀ ਨੇ ਚੰਪੂ ਕਾਵਿ ਸੈਲੀ ਵਿਚ ਕਈ ਪ੍ਰਸੰਗ ਲਿਖੇ ਹਨ। ਨਰਸੀ ਸੇਠ (ਸ਼ਾਹੂਕਾਰ) ਦਾ ਨਰਸੀ ਭਗਤ ਵਿਚ ਰੁਪਾਂਤਰਕ ਭਾਵੇਂ ਕਵੀ ਨੇ ਪਰੰਪਰਿਕ ਮਹਾਤਮੀ ਕਥਾ ਅਨੁਸਾਰ ਹੀ ਕੀਤਾ ਹੈ ਪਰ ਇਸ ਕਥਾ ਨੂੰ ਵਿਸਥਾਰ ਦਿੰਦਿਆਂ ਕਵੀ ਨੇ ਮਾਇਆਧਾਰੀ ਸੁਭਾਅ ਦੀ ਵਿਆਖਿਆ ਨੂੰ ਆਧੁਨਿਕ ਵਾਸਤਵਿਕਤਾ ਦੇ ਨੇੜੇ ਰੱਖਣ ਦਾ ਯਤਨ ਕੀਤਾ ਹੈ। ਪੰਡਿਤ ਦੁਆਰਾ ਕੀਤੇ ਕਰਮਕਾਂਡੀ ਕਾਰਕ ਦਾ ਰੂਪਾਂਤਰਕ ਪਰਿਕਲਪਿਤ ਭਗਵਾਨ ਦੀ ਕੀਰਤੀ ਵਿਚ ਕਰ ਦੇਣ ਦਾ ਪ੍ਰਸੰਗ ਵੀ ਸਾਡੀ ਪਰੰਪਰਕ ਲੋਕ-ਮਾਨਸਿਕਤਾ ਦਾ ਹੀ ਹਿੱਸਾ ਹੈ। 'ਚਮੜੀ ਜਾਏ ਦਮੜੀ ਨਾ ਜਾਏ' ਦਾ ਵਰਤਾਰਾ ਵਪਾਰੀ ਸਾਹੂਕਾਰਾਂ



ਪ੍ਰਵਿਰਤੀ ਦਾ ਕਰੂੜ ਸੱਚ ਹੈ।

ਮਾਇਆ ਲਈ ਮਰਨਾ ਮਾਇਆ ਲਈ ਜਿਉਣਾ
ਦਮੜੀ ਖਰਚ ਕਰਨਾ ਨਹੀਂ ਮਨਜ਼ੂਰ ਮੈਨੂੰ
ਨਰਸੀ ਮਾਇਆ ਨੂੰ ਨਹੀਂ ਛੱਡ ਸਕਦਾ
ਮਰ ਜਾਣਾ 'ਗਾਈਡ' ਮਨਜ਼ੂਰ ਮੈਨੂੰ।

ਕਵੀ ਨਿਹਾਲ ਸਿੰਘ ਗਾਈਡ ਤੇ ਲੋਕ-ਮਾਨਸ ਦਾ ਅਨੁਭਵ ਵਿਸ਼ਵਾਸ ਇਹ ਭਲੀ ਭਾਂਤ ਜਾਣਦਾ ਹੈ ਕਿ ਭਣਜੀ ਦੇ ਵਿਆਹ ਦਾ ਲੈਣ ਦੇਣ ਪੈਸੇ (ਮਾਇਆ) ਬਿਨਾਂ ਨਹੀਂ ਹੋ ਸਕਦਾ। ਪਰ ਸਾਡੀ ਅਧਿਆਤਮਿਕ ਪਰੰਪਰਾ ਇਸ ਦਾ ਹੱਲ ਮਹਾਤਮੀ ਪਰਮ ਆਤਮ (ਭਗਵਾਨ) ਦੇ ਕਾਰਕ ਵਿਚੋਂ ਭਾਲਦੀ ਹੈ। ਨਰਸੀ ਸਮੇਤ ਲੋਕ ਇਹ ਸਮਝਦੇ ਹਨਿ ਕ ਭਗਵਾਨ ਕ੍ਰਿਸ਼ਨ ਮੁਰਾਰ ਆਪਣੇ ਭਗਤਾਂ ਦੀ ਆਪ ਹੀ ਪੈਜ ਰੱਖਣਗੇ। ਇਸ ਪ੍ਰਸੰਗ ਵਿਚ ਪਰੰਪਰਾ ਅਨੁਸਾਰ ਕ੍ਰਿਸ਼ਨ ਮੁਰਾਰ ਆਪ ਸਾਰਾ ਦਾਜ ਦਿੰਦਾ ਹੈ ਜੋ ਨਰਸੀ ( ਮਾਇਆ ਧਾਰੀ) ਹੁਣ ਭਗਤ ਨੇ ਦੇਣਾ ਸੀ।

ਭਾਤ ਭਰ ਗਿਆ ਕ੍ਰਿਸ਼ਨ ਮੁਰਾਰ ਜੀ
ਨਰਸੀ ਨੂੰ ਨਾ ਇਸਦੀ ਕੋਈ ਸਾਰ ਜੀ
ਮੰਗਣ ਜੋ ਚੀਜ਼ ਹਥ 'ਚੋਂ ਫੜਾ ਰਿਹਾ
ਕਪੜੇ ਗਹਿਣੇ ਤੇ ਮਾਇਆ ਬੇਸ਼ੁਮਾਰ ਜੀ।
ਐਸੀ ਭਾਤ ਅਜ ਤੀਕ ਕਿਸੇ ਭਰੀ ਨਾ
ਪੈਜ ਭਗਤਾਂ ਦੀ ਰਖੀ ਕਰਤਾਰ ਜੀ
(ਨਰਸੀ ਭਗਤ)

'ਰੱਬ ਨੂੰ ਲਿਖੇ ਕਾਰਡ ਦਾ ਉਤਰ' ਪ੍ਰਸੰਗ ਵੀ ਮਾਇਆ ਤਿਆਗਣ ਦਾ ਸੰਦੇਸ਼ ਦਿੰਦਾ ਹੈ। ਕਵੀ ਆਪਣੀ ਵੀਹ ਸਾਲਾਂ ਦੀ ਨੌਕਰੀ ਵਿਚ ਬੜੀ ਮੁਸ਼ਕਲ ਨਾਲ ਪੱਕਾ ਘਰ ਬਣਾਉਂਦਾ ਹੈ। ਘਰ ਦੀ ਚੱਠ ਲਈ ਰਿਸ਼ਤੇਦਾਰ ਨੂੰ ਕਾਰਡ ਛਪਵਾਕੇ ਭੇਜੇ। ਕਵੀ ਨੇ ਇਕ ਕਾਰਡ ਪਰਿਕਲਪਿਤ ਰੱਬ ਨੂੰ ਭੇਜ ਦਿੱਤਾ। ਭਗਵਾਨ ਨੂੰ ਕਵੀ ਦਾ ਏਦਾਂ ਕਾਰਡ ਭੇਜਨਾ ਹੰਕਾਰ ਲੱਗਿਆ। ਭਗਵਾਨ ਨੇ ਮੋੜਵਾਂ ਨਸੀਹਤ ਨੁਮਾ ਸੰਦੇਸ਼ ਭੇਜਿਆ।

ਐ ਇਨਸਾਨ ਤੂੰ ਕਿੰਨਾ ਨਾਦਾਨ ਬਣਿਆਂ
ਦਿਲ ਵਿਚ ਇਤਨਾ ਗੁਮਾਨ ਕਰ ਰਿਹਾ ਏਂ
ਲਗਿਆ ਭੇਜਨ ਕਾਰਡ ਪ੍ਰਮਾਤਮਾ ਨੂੰ,
ਉਸ ਤੋਂ ਰਤਾ ਵੀ ਨਾ ਤੂੰ ਡਰ ਰਿਹਾ ਏਂ
ਮਹਿਲ ਮਾੜੀਆਂ ਜਿਨ੍ਹਾਂ ਤੇ ਮਾਣ ਕਰਦਾ

ਇਹ ਹਨ ਚਾਰ ਦਿਨਾ ਦਾ ਖੇਲ ਬੰਦੇ
ਦੁਨੀਆਂ ਰੇਲਵੇ ਸਟੇਸ਼ਨ ਵਾਂਗ ਜਾਣੀ
ਚੜ੍ਹ ਜਾਵਣਾ ਸਾਰਿਆਂ ਰੇਲ ਬੰਦੇ
(ਰੱਬ ਨੂੰ ਲਿਖੇ ਕਾਰਡ ਦਾ ਉੱਤਰ)

ਨਿਹਾਲ ਸਿੰਘ ਦੀ ਕਾਵਿ-ਰਚਨਾ ਅਧਿਆਤਮਕ ਨਿਰਪੇਖਤਾ ਨੂੰ ਸਮਾਜਿਕ ਸਾਪੇਖਤਾ ਵਿਚ ਰੂਪਾਂਤਰ ਕਰਨ ਦੀ ਜੁਗਤ ਰਖਦੀ ਹੈ। ਕਵੀ ਆਪਣੀ ਇਤਿਹਾਸਕ ਵਿਰਾਸਤੀ ਟੇਕ ਉਤੇ ਕੁਝ ਸਾਰਥਕ ਪ੍ਰਭਾਵ ਅਤੇ ਅਨੁਭਵ ਪਾਠਕਾਂ ਨਾਲ ਸਾਂਝੇ ਕਰਦਾ ਹੈ। ਪ੍ਰੋ. ਪੂਰਨ ਸਿੰਘ ਵਾਂਗ ਸਿਖ ਵਿਰਾਸਤ 'ਚੋਂ ਭਗਤੀ, ਸ਼ਕਤੀ, ਗਿਆਨ ਦੀ ਪਹਿਚਾਣ ਕਰਨ ਲੱਗਿਆਂ ਅਜਿਹੇ ਨਾਇਕਾਂ ਦੀ ਚੋਣ ਕਰਦਾ ਹੈ ਜੋ ਅਧਿਆਤਮ ਅਤੇ ਸਮਾਜਿਕ ਉਸਾਰ ਨੂੰ ਇਕ ਰੂਪਤਾ ਦੇ ਧਾਰਨੀ ਹਨ। ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਂ ਤੇ ਦੀ ਭਾਵਨਾ ਅਨੁਸਾਰ ਕਵੀ ਸਿੱਖ ਵਿਰਾਸਤ ਨੂੰ ਪੰਜਾਬੀਅਤ ਕੌਮੀ ਅਜ਼ਾਦੀ ਅਤੇ ਲੋਕ ਮੁਕਤੀ ਦੀ ਪ੍ਰੇਰਨਾ ਸਰੋਤ ਮੰਨਦਾ ਹੈ। ਇਸੇ ਸੰਦਰਭ ਵਿਚ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ, ਕੁਰਬਾਨੀਆਂ ਭਰੀ ਸਿਖ ਧਰੋਹਰ, ਦਸਮ ਪਾਤਸ਼ਹਾ ਦਾ ਸੰਦੇਸ਼, ਬਾਬੇ ਨਾਨਕ ਦੀ ਕਿਰਤ ਕਰਨ, ਵੰਡ ਛਕਣ, ਨਾਮ ਜਪਨ ਦੀ ਦਾਰਸ਼ਨਿਕ ਪਹੁੰਚ, ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ ਦੀ ਸ਼ਹਾਦਤ ਮਹਾਨ ਸਿੱਖ ਮਾਵਾਂ ਨੂੰ ਆਪਣੀ ਰਚਨਾ ਦੇ ਕੇਂਦਰ ਵਿਚ ਰਖਦੇ ਛੰਦਬੰਦੀ ਕਰਦਾ ਹੈ

ਪੁਤ ਸੂਰਮਿਆਂ ਦੇ ਜੰਗ ਵਿਚ ਜੂਝਣ
ਧਰਮ ਬਦਲੇ ਸੀਸ ਕਟਾ ਜਾਂਦੇ
ਸੀਸ ਜਾਏ ਪਰ ਸਿਦਕ ਨਾ ਜਾਏ
ਨਾਹਰਾ ਜੰਗ-ਏ-ਆਜ਼ਾਦੀ ਦਾ ਲਾ ਜਾਂਦੇ
ਦੇ ਕੇ ਆਰਤੀ ਆਪਣੇ ਖ਼ੂਨ ਵਾਲੀ
ਇਕ ਅਮਰ ਜੋਤ ਜਗਾ ਜਾਂਦੇ
ਦੁਨੀਆਂ ਵਿਚੋਂ ਅੰਧਕਾਰ ਮਿਟਾਣ ਦੇ ਲਈ
ਚੰਨ ਚੌਦਵੀਂ ਦਾ ਨਵਾਂ ਹੀ ਚੜ੍ਹਾ ਜਾਂਦੇ
(ਦਲੇਰ ਮਾਂ)

ਮਨੁੱਖਾ ਜ਼ਿੰਦਗੀ ਕੇਵਲ ਪ੍ਰਕਿਰਤਕ ਵਰਤਾਰੇ ਤਕ ਹੀ ਸੀਮਤ ਨਹੀਂ ਸਗੋਂ ਇਹ ਇਕ ਸਿਰਜਨਾਤਮਕ ਉਸਾਰ ਵਿਚ ਕਈ ਪਰਿਕਲਪਿਤ ਮਨੌਤਾਂ, ਵਿਸ਼ਵਾਸ, ਮਹਾਤਮੀ ਅਨੁਸ਼ਠਾਨ, ਗ੍ਰੰਥ, ਗੁਰੂ, ਪੀਰ, ਰਿਸ਼ੀ, ਤਪੱਸਵੀ, ਚਕਿਤਸਕ, ਜੋਗੀ, ਮੁਕਤੀਦਾਤਾ ਨਾਇਕ, ਰੁਕਾਵਟੀ ਖਲ-ਨਾਇਕੀ ਵਰਤਾਰਿਆਂ ਦੀ ਸਿਰਜਨਾ ਲੋਕ-ਵਿਵਹਾਰ ਅਤੇ



ਅਨੁਭਵ ਅਨੁਸਾਰ ਹੁੰਦੀ ਰਹਿੰਦੀ ਹੈ। ਇਨ੍ਹਾਂ ਵਿਚੋਂ ਮਾਨਵ ਵਿਵਹਾਰ ਦੀ ਗਤੀਸ਼ੀਲ ਸਿਰਜਨਾਤਮਕ ਪ੍ਰਵਿਰਤੀ ਕਾਰਨ ਕੁਝ ਸੰਕਲਪ ਰੱਦ ਹੁੰਦੇ ਰਹਿੰਦੇ ਹਨ ਅਤੇ ਕਈ ਨਵਿਆਂ ਦੀ ਸਿਰਜਨਾ ਹੁੰਦੀ ਰਹਿੰਦੀ ਹੈ। ਨਿਹਾਲ ਸਿੰਘ ਗਾਈਡ ਮਨੁੱਖਾ ਜ਼ਿੰਦਗੀ ਦੇ ਇਸ ਬਦਲਾਵੀ ਗਤੀਸ਼ੀਲ ਵਰਤਾਰੇ ਨੂੰ ਆਪਣੀ ਕਾਵਿ-ਰਚਨਾ ਵਿਚ ਮਾਨਤਾ ਦਿੰਦਾ ਹੈ।

ਹੋ ਕੇ ਖਤਰੀ ਦਾ ਪੁਤ ਵੀਹ ਰੁਪਈਏ ਆਇਆ ਸੁੱਟ
ਇਹਨੂੰ ਰਤਾ ਨਹੀਂ ਢੰਗ ਕੁਝ ਖੱਟਣ ਕਮਾਣ ਦਾ
ਇਸਨੂੰ ਦਿੱਤਾ ਏ ਪੁਟ ਬਸ ਮਰਾਸੀ ਦੇ ਪੁੱਤ
ਤੀਜਾ ਰਲਿਆਂ ਏ ਨਾਲ ਪੁਤ ਤਰਖਾਣ ਦੇ।
ਰਖੀ ਇਹੋ ਜੇ ਚਾਲ ਹੋਣਾ ਮਦੰਾ ਇਹਦਾ ਹਾਲ
ਕਦਰ ਪੈਸੇ ਦੀ ਕੀ ਏ ਇਹ ਨਹੀਂ ਪਛਾਣਦਾ,
ਇਹ ਵਿਹਲੜ ਨਿਕੰਮਾ ਮੈਨੂੰ ਸ਼ਰਮ ਮਾਰਦੀ
ਇਹਨੂੰ ਰਤਾ ਨਾ ਖ਼ਬਰ ਕੋਈ ਘਰ ਬਾਹਰ ਦੀ
ਘਰ ਲੜਕੀ ਜਵਾਨ ਇਹਨੂੰ ਰਤਾ ਨਾ ਧਿਆਨ
ਇਨੂੰ ਰਤਾ ਨਾ ਖ਼ਬਰ ਉਹਦੇ ਮੰਗਣੇ ਵਿਆਹ ਦੀ
ਇਹ ਤੋਂ ਸੁਖ ਮੈਂ ਕੀ ਲੱਭਾਂ ਧੱਕੇ ਮਾਰ ਘਰੋਂ ਕੱਢਾਂ
ਪਤਾ ਲਗ ਜਾਊ ਇਹਨੂੰ ਕੀ ਕਦਰ ਸੰਸਾਰ ਦੀ।
(ਪਿਤਾ ਕਾਲੂ ਜੀ)

ਨਿਹਾਲ ਸਿੰਘ 'ਗਾਈਡ' ਦਾ ਕਾਵਿ ਵਿਰਾਸਤੀ ਮਹਾਤਮੀ ਧਰੋਹਰ ਦੇ ਗੁਣ ਗਾਉਂਦਿਆਂ ਸੂਫ਼ੀ ਮੁਹਾਵਰੇ ਰਾਹੀਂ ਦੁਨਿਆਵੀ ਪਿਆਰ ਤੱਕ ਦਾ ਸਫ਼ਰ ਕਰਦਾ ਹੈ। ਇਥੋਂ ਤੀਕ ਕਿ ਨਿਹਾਲ ਸਿੰਘ ਦਾ ਇਸ਼ਕ ਹਕੀਕ ਦਾ ਤਸੱਵਰ ਇਸ਼ਕ ਮਜਾਜੀ ਦੀ ਤਸਵੀਰ ਵਿੱਚ ਰੂਪਾਂਤਰ ਹੋ ਜਾਂਦਾ ਹੈ।

ਕੀ ਹੋਇਆ ਜੇ ਪਿਆਰ ਤੇਰੇ ਨਾਲ ਪਾ ਬੈਠੀ
ਰੋਗ ਅਵੱਲੜਾ ਜ਼ਿੰਦਗੀ ਤਾਈਂ ਅੱਜ ਲਾ ਬੈਠੀ
ਅਖੀਆਂ ਸੀ ਕੁਝ ਹੋਰ ਤੇ ਦਿਲ ਕੁਝ ਹੋਰ ਸੀ
ਮੰਦਰ ਦਾ ਪੁਜਾਰੀ ਅੰਦਰੋਂ ਇਕ ਚੋਰ ਸੀ।
ਅਣਜਾਣੇ ਹੀ ਇਕ ਚੋਰ ਤੋਂ ਚੋਰੀ ਕਰਾ ਬੈਠੀ
ਸੁੱਚੇ ਪਿਆਰ ਨੂੰ ਝੂਠੇ ਇਕਰਾਰ ਦੀ ਭੇਟ ਚੜ੍ਹਾ ਬੈਠੀ।
(ਪਿਆਰ)

ਫੁੱਲ ਬੇਸ਼ਕ ਜਹਾਨ ਦੇ ਲੱਖ ਸੋਹਣੇ
ਪਰ ਮੇਰੇ ਯਾਰ ਜਿਹਨਾ ਸੋਹਣਾ ਫੁੱਲ ਕੋਈ
ਹੀਰੇ ਵਿਕਣ ਕਰੋੜਾਂ ਬਾਜ਼ਾਰ ਅੰਦਰ
ਮੇਰੇ ਹੀਰੇ ਦਿਲਦਾਰ ਦਾ ਨਾ ਮੁੱਲ ਕੋਈ।
ਲੱਖ ਹੀਰਾਂ ਸਿਆਲਾਂ ਦੀਆਂ ਫਿਰਦੀਆਂ ਨੇ
ਮੇਰੀ ਹੀਰ ਸਲੇਟੀ ਦੇ ਨਾ ਹੈ ਤੁਲ ਕੋਈ।
ਮੇਰੀਆਂ ਅੱਖਾਂ ਨਾਲ ਜੋ ਗਾਇਡ ਵੇਖੇ
ਰਾਹ ਬਹਿਸ਼ਤ ਦਾ ਜਾਵੇ ਭੁੱਲ ਸੋਈ।
(ਮੇਰਾ ਯਾਰ)

ਬੱਦਲਾਂ ਤੋਂ ਪੁੱਛ ਗੋਰੀਏ, 'ਜਦੋਂ ਜਦੋਂ ਬਨੇਰੇ ਬੋਲੇ ਕਾਂ', 'ਮਿੱਤਰਾਂ ਨੇ ਢਾਬਾ ਖੋਲ੍ਹਿਆ ਸੜਕ ਉਤੇ ਆਕੇ', 'ਜਗ ਚਹੁੰ ਕਿ ਦਿਨਾ ਦਾ ਖੇਲ' ਆਦਿ ਲੋਕ-ਗੀਤਾਂ ਦੀਆਂ ਧਾਰਨਾਵਾਂ ਨੂੰ ਲੈ ਕੇ ਨਿਹਾਲ ਸਿੰਘ ਗਾਈਡ' ਹੁਰਾਂ ਦੇ ਲਿਖੇ ਧਾਰਮਿਕ ਭਾਵਨਾ ਵਾਲੇ ਗੀਤ ਵੀ ਕਵੀ ਦੇ ਇਸ਼ਕ ਮਜ਼ਾਜੀ ਦੇ ਮੈਟਾਫ਼ਰ ਨੂੰ ਹੀ ਕੇਂਦਰ ਵਿਚ ਰਖਦੇ ਹਨ। ਕਵੀ ਦੇ 'ਇਕ ਤਾਰਾ' ਅਤੇ 'ਟੈਰੀਕਾਟ ਦਾ ਸੂਟ' ਗੀਤ ਮੁਕਤ ਭਾਵਨਾ ਦੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ।

ਨਿਹਾਲ ਸਿੰਘ ਦੇ ਕਾਵਿ-ਸ਼ਬਦ ਜਦੋਂ ਕਾਵਿ-ਕਰਮ ਦੀ ਗਤੀਸ਼ੀਲਤਾ ਵਿਚ ਢਲਦੇ ਤਾਂ ਮੇਰੇ ਲਈ ਇਹ ਲੋਕਾਇਤੀ ਕਾਰਕ ਦਾ ਮਹੱਤਵ ਰੱਖਦੇ ਹਨ ਮੈਂ ਇਨ੍ਹਾਂ ਕਾਵਿ ਸ਼ਬਦਾਂ ਦਾ ਪੰਜਾਬੀ ਕਾਵਿ-ਜਗਤ ਵਿਚ ਸੁਆਗਤ ਕਰਦਾ ਹਾਂ ਅਤੇ ਸ. ਗੁਰਨਾਮ ਸਿੰਘ ਕਾਨੂੰਗੋ ਜੋ ਖੁਦ ਇਕ ਦਾਰਸ਼ਨਿਕ ਖੋਜਕਾਰ ਹਨ ਦਾ ਇਸ ਗੱਲੋਂ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਆਪਣੇ ਪਿਤਾ ਕਵੀਸ਼ਰ ਨਿਹਾਲ ਸਿੰਘ ਜੀ ਦੇ ਖਰੜੇ ਨੂੰ ਪੁਸਤਕ ਰੂਪ ਵਿਚ ਸੰਪਾਦਕ ਕਰਕੇ ਪ੍ਰਕਾਸ਼ਤ ਕੀਤਾ ਹੈ।

**ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) (ਰਜਿ.)**
**ਹਰਗੋਬਿੰਦਪੁਰ ਬਸਤੀ**
**ਕਾਲਜ ਰੋਡ ਸੰਗਰੂਰ - 148001**

□□□



# ਪਾਠਕ ਦਰਪਣ

25.04.2017

ਪਿਆਰੇ ਵੀਰ ਸਤਵਿੰਦਰ ਜੀ,

"ਰੂਹ ਪੰਜਾਬੀ' ਪੱਤ੍ਰਿਕਾ ਅਪਰੈਲ-ਜੂਨ ਦੀ ਪ੍ਰਾਪਤੀ ਨੇ ਰੂਹ ਨੂੰ ਗਰਮਾ ਦਿੱਤਾ। ਤੁਹਾਡੇ ਨਾਟਕ (ਇਕਾਂਗੀ) 'ਜਬੈ ਬਾਣ ਲਾਗਿਯੋ' ਨੇ ਮੇਰੀ ਰੂਹ ਨੂੰ ਗਰਮਾਹਟ ਦੇ ਨਾਲ-ਨਾਲ ਨਸ਼ਿਆ ਦਿੱਤਾ। ਥੀਮ ਦੀ ਪੇਸ਼ਕਾਰੀ ਪਾਤਰਾਂ ਦੇ ਢੁਕਵੇਂ ਸ਼ਬਦਾਂ ਅਤੇ ਅਦਾਇਗੀ ਨਾਲ ਮਹਿਕਾ ਦਿੱਤਾ। ਅਜਿਹੇ ਖ਼ੂਬਸੂਰਤ ਨਾਟਕ ਦੀ ਸਿਰਜਣਾ ਲਈ ਮੁਬਾਰਕਾਂ। ਮਿੰਨੀ ਕਹਾਣੀਆਂ ਦੀ ਚੋਣ ਢੁਕਵੀਂ ਤੇ ਸਮੇਂ ਦੀਆਂ ਬਾਤਾਂ ਪਾਉਂਦੀ ਹੈ।

**ਹਿਤੂ**
**ਸੁਖਚੈਨ ਸਿੰਘ ਭੰਡਾਰੀ, ਸਿਰਸਾ**
**94660-02336**

□□□

ਸਤਿਕਾਰਯੋਗ ਸੰਪਾਦਕ ਜੀ
ਸਾਹਿਤਕ ਅਦਾਬ

ਅੰਕ 15 ਵਿਚ ਛਪੀਆਂ ਰਚਨਾਵਾਂ ਚੰਗੀਆਂ ਲੱਗੀਆਂ। ਇਕਾਂਗੀ 'ਜਬੈ ਬਾਣ ਲਾਗਿਯੋ' ਬਹੁਤ ਵਧੀਆ ਹੈ, ਐਸੀ ਪਿਆਰੀ ਰਚਨਾ ਲਈ ਸਤਵਿੰਦਰ ਜੀ ਵਧਾਈ ਦੇ ਪਾਤਰ ਹਨ। ਮੇਰੀ ਦੁਆ ਹੈ 'ਰੂਹ ਪੰਜਾਬੀ ਹੋਰ ਤਰੱਕੀਆਂ ਕਰੇ ਤੇ ਸਦਾ ਪਾਠਕਾਂ ਤੱਕ ਅੱਪੜਦਾ ਰਹੇ।

ਗ਼ਜ਼ਲ ਭੇਜ ਰਿਹਾ ਹਾਂ, ਉਮੀਦ ਹੈ ਆਪ ਜੀ ਇਸ ਨੂੰ 'ਰੂਹ ਪੰਜਾਬੀ' ਵਿਚ ਯੋਗ ਥਾਂ ਜ਼ਰੂਰ ਦਿਓਗੇ।

**ਸ਼ੁਭ ਚਿੰਤਕ**
**ਕਲਿਆਣ ਅੰਮ੍ਰਿਤਸਰੀ,**
**ਮੋ. 8054381351**

□□□

ਸਤਵਿੰਦਰ ਬੇਗੋਵਾਲੀਆ ਜੀ,

ਰੂਹ ਪੰਜਾਬੀ ਮੈਗਜ਼ੀਨ ਅਪ੍ਰੈਲ ਜੂਨ 2017 ਵਿੱਚ ਤੁਹਾਡੇ ਦੁਆਰਾ ਲਿਖੀ ਇਕਾਂਗੀ 'ਜਬੈ ਬਾਣ ਲਾਗਿਯੋ' ਪੜ੍ਹਕੇ ਮਨ ਨੂੰ ਬਹੁਤ ਖੁਸ਼ੀ ਹੋਈ। ਕਿਉਂਕਿ ਇਹੋ ਜਿਹੀ ਪਾਏਦਾਰ ਰਚਨਾ ਲਿਖਣਾ ਆਮ ਆਦਮੀ ਦੇ ਵੱਸ ਦੀ ਗੱਲ ਨਹੀਂ। ਉਮੀਦ ਹੈ ਅੱਗੋਂ ਵੀ ਤੁਸੀਂ ਇਸੇ

ਤਰ੍ਹਾਂ ਸਮਾਜ ਦੀ ਸੇਵਾ ਕਰਦੇ ਰਹੋਗੇ।

09-05-2017

**ਸਮਿੱਤਰ ਸਿੰਘ ਦੋਸਤ**

**92562-92764**

□□□

ਸਤਿਕਾਰਯੋਗ ਸੰਪਾਦਕ ਜੀ

ਅਦਬੀ ਸਾਹਿਤਕਯਾਦ,

ਆਪ ਜੀ ਵੱਲੋਂ ਪ੍ਰਕਾਸ਼ਤ, ਪੁਸਤਕ ਲੜੀ ਰੂਹ ਪੰਜਾਬੀ ਦਾ 1-3-2017 ਅੰਕ ਪ੍ਰਾਪਤ ਹੋਇਆ। ਇਸ ਅੰਕ ਵਿਚ ਪ੍ਰਕਾਸ਼ਤ, ਸਭ ਰਚਨਾਵਾਂ ਹੀ ਕਾਬਿਲੇ-ਤਾਰੀਫ਼ ਹਨ। ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਜੀ ਦੀ ਰਚਨਾ ਮਨ ਨੂੰ ਛੋਹ ਗਈ। ਆਪ ਜੀ ਦੀ ਸੰਪਾਦਕੀ ਵੀ ਪੰਜਾਬੀ ਪਾਠਕਾਂ ਨੂੰ ਇਕ ਸਾਰਥਕ ਸੁਨੇਹਾ ਦਿੰਦੀ ਹੋਈ ਪ੍ਰਤੀਤ ਹੋਈ ।ਸੋ ਖ਼ੂਬਸੂਰਤ ਸੰਪਾਦਨਾ ਵਾਸਤੇ ਬਹੁਤ ਹੀ ਧੰਨਵਾਦੀ ਹਾਂ।

ਚਿੱਠੀ ਪਹਿਲੀ ਵਾਰ ਲਿਖ ਰਿਹਾਂ

**ਤੁਹਾਡਾ ਸ਼ੁਭ ਚਿੰਤਕ**

**ਭੁਪਿੰਦਰ ਸਿੰਘ ਆਸ਼ਟ**

□□□

ਸਤਵਿੰਦਰ ਬੇਗੋਵਾਲੀਆ ਜੀ,

ਸਤਿ ਸ੍ਰੀ ਅਕਾਲ ਜੀਓ

'ਰੂਹ ਪੰਜਾਬੀ' ਦਾ ਚਮਕਦਾ ਚਿਹਰਾ ਅਪ੍ਰੈਲ-ਜੂਨ 2017 ਅੰਕ ਮਿਲਿਆ, ਰੂਹ ਖਿੜ ਉੱਠੀ। ਸਮੁੱਚੀਆਂ ਰਚਨਾਵਾਂ ਬਾ-ਕਮਾਲ ਹਨ। ਇਸ ਦੇ ਚਮਕਦੇ ਚਿਹਰੇ ਨੂੰ ਹਰ ਵਾਰ ਤੱਕਣ ਤੇ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਲਈ ਦੁਆਵਾਂ ਕਰਦੀ ਹਾਂ ਜੀ।

ਆਪਣੀਆਂ ਕੁਝ ਰਨਚਾਵਾਂ ਭੇਜ ਰਹੀ ਹਾਂ ਜੀ। ਜੇਕਰ ਮਨ ਦੇ ਮੇਚ ਆ ਜਾਣ ਤਾਂ ਲਾ ਦੇਣੀਆਂ। ਲੋੜੀਂਦੀਆਂ ਗਲਤੀਆਂ ਦਰੁਸਤ ਕਰ ਦੇਣੀਆਂ। ਸਿਖਾਂਦਰੂ ਹਾਂ ਆਪ ਜੀ ਦੀ ਅਗਵਾਈ ਲੋੜਦੀ ਹਾਂ ਜੀ। ਪੁਸਤਕ ਭੇਜਣ ਲਈ ਆਪ ਜੀ ਦਾ ਤਹਿ ਦਿਲੋਂ ਸ਼ੁਕਰੀਆ ਕਰਦੀ ਹਾਂ ਜੀ।

ਅਗਾਊਂ ਭਵਿੱਖ ਵਿੱਚ ਵੀ ਰਚਨਾਵਾਂ ਭੇਜਦੀ ਰਹਾਂਗੀ। ਫ਼ੋਟੋ ਵੀ ਭੇਜ ਰਹੀ ਹਾਂ ਜੀ। ਇਹ ਰਚਨਾਵਾਂ ਮੌਲਿਕ ਹਨ। ਪੁਸਤਕ ਦੀ ਬਿਹਤਰੀ ਲਈ ਦੁਆਵਾਂ ਕਰਦੀ।

**ਅਮਰਜੀਤ ਕੌਰ ਹਰੜ**

**1124 ਫੇਸ 3, ਮਾਡਲ ਟਾਊਨ ਬਠਿੰਡਾ, ਮੋਬਾ. 94172-35848**

□□□



ਸਤਿਕਾਰਯੋਗ ਸੰਪਾਦਕ ਜੀ

ਰੂਹ ਪੰਜਾਬੀ ਦਾ ਅਪ੍ਰੈਲ-ਜੂਨ 2017 ਦਾ ਅੰਕ ਮਿਲ ਗਿਆ। ਮੀਡੀਏ ਦੀ ਨਿਰਪੱਖਤਾ ਅਹਿਮ ਜ਼ਰੂਰਤ ਸੰਪਾਦਕੀ ਲੋਕਤੰਤਰ ਦੇ ਚੌਥੇ ਥੰਮ ਦੇ ਦੋਗਲੇ ਰੋਲ ਦੀ ਗੱਲ ਕਰਦੀ ਹੈ। ਡਾ. ਕਰਮਜੀਤ ਸਿੰਘ ਨਡਾਲਾ ਦੀ ਮਿੰਨੀ ਕਹਾਣੀ ਕੇਵਲ ਇਨਸਾਨੀ ਸੰਸਕਾਰਾਂ ਤੇ ਇਨਸਾਨੀ ਜ਼ਰੂਰਤਾਂ ਦੀ ਜਦੋਜਹਿਦ ਨੂੰ ਪ੍ਰਗਟ ਕਰਦੀ ਹੋਈ ਖਤਮ ਹੁੰਦੀ ਹੈ। ਭੀਮ ਸਿੰਘ ਗਰਚਾ ਦੀ ਕਹਾਣੀ ਪੱਕਾ ਇਲਾਜ, ਜੋ ਬੀਜਾਂਗੇ ਉਹ ਹੀ ਵੱਢਾਂਗੇ ਵਾਲੀ ਕਹਾਵਤ ਨੂੰ ਸੱਚ ਸਾਬਤ ਕਰਦੀ ਜਾਪਦੀ ਹੈ। ਕਵਿਤਾਵਾਂ ਦੀ ਫੁਲਵਾੜੀ ਵਿੱਚ 'ਕਸ਼ਮੀਰ ਦੇ ਨਾਂ', 'ਚੋਣਾਂ ਨੇੜੇ', 'ਮੇਰਾ ਘਰ' ਅਤੇ ਕੁਲਦੀਪ ਕੌਰ ਚੱਠਾ ਦੀ ਗ਼ਜ਼ਲ ਇਹ ਸਾਰੇ ਫੁੱਲ ਆਪਣੀ ਮਹਿਕ ਖਿਲਾਰ ਰਹੇ ਹਨ।

ਸਤਵਿੰਦਰ ਬੇਗੋਵਾਲੀਆ ਦਾ ਇਕਾਂਗੀ 'ਜਬੈ ਬਾਣ ਲਾਗਿਓ' ਸਮਾਜ ਦੇ ਚਾਰ ਪਹਿਲੂਆਂ ਨੂੰ ਉਭਾਰਦਾ ਹੈ ਸਤਾ ਨਾਲ ਜੁੜੇ ਧਾਰਮਿਕ ਵਿਚਾਰਾਂ ਦੇ ਫਲ ਦਾ ਪਹਿਲੂ, ਕਿਰਤੀਆਂ ਦੀ ਲੁੱਟ ਦਾ ਪਹਿਲੂ, ਜ਼ੁਲਮ ਨੂੰ ਟੱਕਰ ਦਿੰਦੇ ਖਾਲਸੇ ਦਾ ਪਹਿਲੂ ਤੇ ਸਿਧਾਂਤਕ ਸੋਚ ਦੇ ਅੱਗੇ ਜ਼ਾਲਮ ਦੇ ਕਮਜ਼ੋਰ ਹੋਣ ਦਾ ਪਹਿਲੂ ਇਸ ਲਈ ਇਹ ਇਕਾਂਗੀ ਦੱਬੀ ਕੁਚਲੀ ਤੇ ਆਪਣੇ ਹੱਕਾਂ ਲਈ ਲੜਦੀ ਲੋਕਾਈ ਦੀ ਗੱਲ ਕਰਦੀ ਹੈ। ਮੈਂ ਆਸ ਕਰਦਾ ਹਾਂ ਕਿ ਰੂਹ ਪੰਜਾਬੀ ਆਪਣੀ ਕਲਮ ਨਾਲ ਸਫ਼ਲਤਾ ਦੇ ਹਰ ਮੁਕਾਮ ਨੂੰ ਫਤਹਿ ਕਰਦਾ ਹੋਇਆ ਅੱਗੇ ਵਧਦਾ ਜਾਵੇ।

**ਸ਼ੁਭ ਇਛਾਵਾਂ ਨਾਲ**

**ਸੰਦੀਪ ਕੁਮਾਰ ਦਰਦੀ**

**99149-87088**

□□□